# 37

# ਠੁਕਰਾਏ ਜਾਣ ਨਾਲ ਕਿਵੇਂ ਨਜਿੱਠੀਏ

## ਲੂਕਾ 4:16-31, ਇਕ ਨੇੜ ਝਾਤ

ਮਸੀਹ ਦੇ ਆਉਣ ਦੀਆਂ ਪੁਰਾਣੇ ਨੇਮ ਦੀਆਂ ਨਬੂਵਤਾਂ ਉਸ ਦੇ ਜਲਾਲ, ਉਸ ਦੀ ਸ਼ਕਤੀ ਅਤੇ ਉਨ੍ਹਾਂ ਜ਼ਬਰਦਸਤ ਕੰਮਾਂ ਬਾਰੇ ਦੱਸਦੀ ਹੈ, ਜੋ ਉਸ ਨੇ ਕਰਨੇ ਸਨ। ਪਰ ਇਨ੍ਹਾਂ ਦਿਲਚਸਪ ਨਬੂਵਤਾਂ ਦੇ ਵਿਚਕਾਰ ਇਕ ਆਇਤ ਹੈ, ਜਿਸ ਵਿਚ ਇਕ ਅਨੋਖੀ ਟਿੱਪਣੀ ਹੈ: ਯਸਾਯਾਹ 53:3 ਆਖਦਾ ਹੈ ਕਿ ਉਹਨੇ ''ਤੁੱਛ ਅਤੇ ਮਨੁੱਖਾਂ ਵੱਲੋਂ ਤਿਆਗਿਆ ਹੋਇਆ'' ਹੋਣਾ ਸੀ। ਮਸੀਹਾ ਦੀਆਂ ਨਬੂਵਤਾਂ ਵਿੱਚੋਂ ਪਿਰੋਣ ਵਾਲਾ ਧਾਗਾ ਠੁਕਰਾਏ ਜਾਣ ਦਾ ਵਿਸ਼ਾ ਹੀ ਹੈ।

ਮਸੀਹ ਨੇ ਖ਼ੁਦ ਉਸ ਠੁਕਰਾਏ ਜਾਣ ਦੀ ਗੱਲ ਕੀਤੀ। ਆਪਣੇ ਚੇਲਿਆਂ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਉਸ ਨੇ ਕਿਹਾ ਕਿ ''ਜ਼ਰੂਰ ਹੈ ਜੋ ਮਨੁੱਖ ਦਾ ਪੁੱਤਰ ਬਹੁਤ ਦੁੱਖ ਝੱਲੇ ਅਤੇ ਬਜ਼ੁਰਗਾਂ ਅਤੇ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਥੀਂ ਰੱਦਿਆ ਜਾਵੇ ਅਰ ਜਾਨੋਂ ਮਾਰਿਆ ਜਾਏ'' (ਮਰਕੁਸ 8:31)। ਉਸ ਨੇ ਕਿਹਾ ਕਿ ''ਉਹਨੂੰ ਜ਼ਰੂਰ ਹੈ ਜੋ ਬਹੁਤ ਕਸ਼ਟ ਭੋਗੇ ਅਤੇ ਇਸ ਪੀੜ੍ਹੀ ਦੇ ਲੋਕਾਂ ਥੀਂ ਰੱਦਿਆ ਜਾਵੇ'' (ਲੂਕਾ 17:25)।

ਯਿਸੂ ਠੁਕਰਾਇਆ ਜਾਣ ਵਾਲਾ ਖ਼ੁਦਾ ਦਾ ਪਹਿਲਾ ਸੇਵਕ ਨਹੀਂ ਸੀ। ਯਿਰਮਿਯਾਹ ਅਤੇ ਹਿਜ਼ਕੀਏਲ ਵਰਗੇ ਨਬੀਆਂ ਨੂੰ ਪ੍ਰਚਾਰ ਕਰਨ ਦਾ ਹੁਕਮ ਦਿੱਤਾ ਗਿਆ ਸੀ, ਪਰ ਨਾਲ ਹੀ ਇਹ ਵੀ ਕਿਹਾ ਗਿਆ ਸੀ ਕਿ ਲੋਕ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਠੁਕਰਾ ਦੇਣਗੇ। ਉਨ੍ਹਾਂ ਨੇ ਸੰਘਰਸ਼ ਕੀਤਾ। ਕਈ ਵਾਰ ਯਿਰਮਿਯਾਹ ਦੇ ਕਹਿਣ ਤੋਂ ਭਾਵ ਸੀ ਕਿ ''ਹੇ ਪ੍ਰਭੂ, ਮੈਂ ਆਪਣੇ ਇਕਰਾਰ ਨਾਮੇ ਨੂੰ ਤੋੜਨਾ ਚਾਹੁੰਦਾ ਹਾਂ!''[1]

ਉਨ੍ਹਾਂ ਸਭ ਗੱਲਾਂ ਵਿੱਚੋਂ ਜੋ ਸਾਡੇ ਵਿੱਚੋਂ ਬਹੁਤਿਆਂ ਨੂੰ ਪਸੰਦ ਨਹੀਂ ਹੁੰਦੀਆਂ, ਸਭ ਤੋਂ ਉੱਪਰ ਠੁਕਰਾਏ ਜਾਣਾ ਹੀ ਆਉਂਦਾ ਹੈ।[2] ਬਚਪਨ ਵਿਚ ਮੈਂ ਸਮਾਨ ਵੇਚਣ ਵਾਲਿਆਂ ਵੱਲੋਂ ਦਿੱਤੇ ਗਏ ਇਨਾਮ ਪਾਉਣ ਲਈ ਘਰ ਘਰ ਜਾ ਕੇ ਕਈ ਤਰ੍ਹਾਂ ਦਾ ਸਮਾਨ ਵੇਚਦਾ ਹੁੰਦਾ ਸਾਂ। ਮੈਂ ਮਲ੍ਹਮ, ਬੀਜ, ਗ੍ਰੀਟਿੰਗ ਕਾਰਡ ਅਤੇ *ਘਰ ਦੀ ਸਾਂਭ ਸੰਭਾਲ ਵਾਲੇ ਚੰਗੇ ਰਸਾਲੇ* ਵੇਚਦਾ ਹੁੰਦਾ ਸਾਂ। ਵੇਚਣ ਦੀ ਸਭ ਤੋਂ ਮੁਸ਼ਕਿਲ ਗੱਲ ਲੋਕਾਂ ਤੋਂ ''ਨਾਂਹ'' ਸੁਣਨਾ ਹੁੰਦਾ ਸੀ। ਕਿਸੇ ਦੇ ਬੂਹੇ ਤੇ ਜਾ ਕੇ ਮੈਂ ਹੇਠਲਾ ਬੁੱਲ੍ਹ ਬਾਹਰ ਕੱਢ ਕੇ ਕੰਬਦੀ ਹੋਈ ਅਵਾਜ਼ ਨਾਲ ਆਖਦਾ ਸਾਂ, ''ਤੁਸੀਂ ਇਸ ਨੂੰ ਖਰੀਦਣਾ ਨਹੀਂ ਚਾਹੁੰਦੇ, ਸੱਚੀ ਨਹੀਂ?'' ਮੈਨੂੰ ਠੁਕਰਾਏ ਜਾਣਾ ਪਸੰਦ ਨਹੀਂ ਹੈ।

ਮੈਨੂੰ ਤੀਹ ਜਾਂ ਚਾਲੀ ਸਾਲ ਦਾ ਫੇਰ ਹੋਣ ਵਿਚ ਕੋਈ ਦਿੱਕਤ ਨਹੀਂ ਹੈ, ਪਰ ਟੀਨ-ਏਜਰ ਬਣਨਾ ਤਾਂ ਕਿਸੇ ਕੀਮਤ ਤੇ ਨਹੀਂ ... ਕਿਉਂਕਿ ਟੀਨ-ਏਜਰ ਮੁੰਡਿਆਂ ਨੂੰ ਕੁੜੀਆਂ ਤੋਂ ਮਿਲਣ ਲਈ ਪੁੱਛਣਾ ਪੈਂਦਾ ਹੈ ... ਜੋ ਕਿ ਠੁਕਰਾਏ ਜਾਣ ਨੂੰ ਦਾਅਵਤ ਦੇਣਾ ਹੈ। ਮੈਨੂੰ ਅੱਜ ਵੀ ਇਕ ਦਰਦਨਾਕ ਘਟਨਾ ਯਾਦ ਹੈ, ਜਦੋਂ ਮੈਂ ਕਿਸੇ ਕੁੜੀ ਨੂੰ ਇਕ ਦਾਅਵਤ ਲਈ ਬੁਲਾਉਣ ਲਈ ਜੁਰੱਅਤ ਕੀਤੀ ਸੀ, ਅਤੇ ਉਸ ਨੇ ''ਨਾਂਹ'' ਆਖ ਦਿੱਤੀ ਸੀ। ਮੈਨੂੰ ਠੁਕਰਾਏ ਜਾਣ ਤੋਂ ਨਫ਼ਰਤ ਹੈ।

*ਟਰੁੱਥ ਫ਼ਾਰ ਟੁਡੇ* ਲਈ ਲਿਖਣ ਦੇ ਇਲਾਵਾ, ਮੈਂ ਅਜ਼ਾਦਾਨਾ ਤੌਰ ਤੇ ਲਿਖਣ ਦਾ ਕੰਮ ਵੀ ਕਰਦਾ ਹਾਂ। ਲਿਖਣਾ ਐਨਾ ਮੁਸ਼ਕਿਲ ਨਹੀਂ ਹੈ: ਮੁਸ਼ਕਿਲ ਤਾਂ ਉਹ ਤਿਆਗ ਹੈ ਜੋ ਬਿਨਾਂ ਜਜ਼ਬਾਤ

ਦੇ ਨਿਰਾ ਕਾਗ਼ਜ ਹੈ ਜੋ ਆਖਦਾ ਹੈ, ''ਜੋ ਤੂੰ ਲਿਖ ਰਿਹਾ ਹੈਂ ਉਸ ਵਿਚ ਸਾਡੀ ਦਿਲਚਸਪੀ ਨਹੀਂ ਹੈ।'' ਮੈਨੂੰ ਠੁਕਰਾਏ ਜਾਣ ਤੋਂ ਨਫ਼ਰਤ ਹੈ।

ਮੈਂ ਇਹ ਅੰਦਾਜ਼ਾ ਲਾ ਰਿਹਾ ਹਾਂ ਕਿ ਤੁਹਾਨੂੰ ਵੀ ਠੁਕਰਾਏ ਜਾਣਾ ਪਸੰਦ ਨਹੀਂ ਹੋਵੇਗਾ। ਗੱਲ ਭਾਵੇਂ ਕੁਝ ਵੇਚਣ ਦੀ ਹੋਵੇ ਜਾਂ ਕਿਸੇ ਨੌਕਰੀ ਦੀ ਅਰਜ਼ੀ ਦੇਣ ਜਾਂ ਆਪਣੇ ਸਹੁਰਿਆਂ ਨਾਲ ਮਿਲ ਕੇ ਰਹਿਣ ਦੀ, ਠੁਕਰਾਏ ਜਾਣਾ ਕਿਸੇ ਨੂੰ ਵੀ ਪਸੰਦ ਨਹੀਂ ਹੈ। ਤੁਹਾਡੇ ਵਿੱਚੋਂ ਕਈਆਂ ਨੂੰ ਆਪਣੇ ਮਾਪਿਆਂ ਜਾਂ ਆਪਣੇ ਜੀਵਨ ਸਾਥੀ ਜਾਂ ਆਪਣੇ ਬੱਚਿਆਂ ਵੱਲੋਂ ਠੁਕਰਾਏ ਜਾਣ ਦੀ ਸਮਝ ਹੋਵੇਗੀ। ਠੁਕਰਾਏ ਜਾਣਾ ਬੇਹੱਦ ਦੁੱਖਦਾਈ ਹੈ, ਹੈ ਨਾ?

ਲੂਕਾ 4:16–31 ਵਿਚ, ਸਾਨੂੰ ਯਿਸੂ ਦੇ ਆਪਣੇ ਸ਼ਹਿਰ ਨਾਸਰਤ ਵਿਚ ਹੀ ਠੁਕਰਾਏ ਜਾਣ ਦੀ ਕਹਾਣੀ ਮਿਲਦੀ ਹੈ। ਮੇਰੀ ਪਹਿਲੀ ਇੰਜੀਲੀ ਸਭਾ ਲੋਨ ਵੂਲਫ਼, ਓਕਲਾਹੋਮਾ ਵਿਚ 1955 ਵਿਚ ਹੋਈ ਸੀ। ਬਾਲਗਪਨ ਵਿਚ, ਅਸੀਂ ਬਹੁਤ ਘੁੰਮੇ, ਪਰ ਮੈਂ ਲੋਨ ਵੂਲਫ਼ ਵਿਚ ਪੰਜ ਸਾਲ ਸਕੂਲ ਵਿਚ ਪੜ੍ਹਾਈ ਕੀਤੀ। ਜੇ ਮੇਰੇ ਬਾਲਗਪਨ ਵਿਚ ਕੋਈ ''ਆਪਣਾ ਸ਼ਹਿਰ'' ਦੇ ਤੌਰ ਤੇ ਕੋਈ ਸ਼ਹਿਰ ਹੈ, ਤਾਂ ਉਹ ਇਹੀ ਸੀ। ਲੋਨ ਵੂਲਫ਼ ਵਿਚ ਕੰਮ ਦੇ ਉਸ ਸ਼ੁਰੂਆਤੀ ਸੰਘਰਸ਼ ਵਿਚ ਮਸੀਹੀ ਲੋਕ ਬੇਹੱਦ ਮਦਦਗਾਰ ਸਨ, ਪਰ ਜੇ ਉਨ੍ਹਾਂ ਨੇ ਮੈਨੂੰ ਠੁਕਰਾ ਦਿੱਤਾ ਹੁੰਦਾ ਤਾਂ ਕੀ ਹੁੰਦਾ? ਸ਼ਾਇਦ ਅੱਜ ਮੈਂ ਕਲਾਮ ਨਾ ਸੁਣਾ ਰਿਹਾ ਹੁੰਦਾ। ਯਿਸੂ ਜਦ ਕਲਾਮ ਸੁਨਾਉਣ ਲਈ ''ਘਰ ਆਇਆ'' ਤਾਂ ਉਸ ਨੂੰ ਠੁਕਰਾ ਦਿੱਤਾ ਗਿਆ *ਸੀ।* ਇਕ ਤਰ੍ਹਾਂ ਨਾਲ ਨਾਸਰਤ ਵਿਚ ਯਿਸੂ ਦਾ ਠੁਕਰਾਇਆ ਜਾਣਾ ਉਸ ਦੀ ਵੰਨਗੀ ਸੀ, ਜਦਕਿ ਅਸਲ ਵਿਚ ਯਹੂਦੀ ਲੋਕਾਂ ਵੱਲੋਂ ਉਸ ਨੂੰ ਅਖ਼ੀਰ ਵਿਚ ਠੁਕਰਾਇਆ ਜਾਣਾ ਸੀ।

ਮਸੀਹ ਦੇ ਠੁਕਰਾਏ ਜਾਣ ਦੀ ਕਹਾਣੀ ਇੰਜੀਲ ਦੇ ਤਿੰਨਾ ਸਹਿਦਰਸ਼ੀ ਵਿਰਤਾਂਤਾਂ ਵਿਚ ਮਿਲਦੀ ਹੈ।[3] ਮੈਂ ਮੁੱਖ ਵਿਰਤਾਂਤ ਵਿੱਚੋਂ ਸਭ ਤੋਂ ਸੰਖੇਪ, ਲੂਕਾ ਦੇ ਸੰਸਕਰਣ ਦੀ ਵਰਤੋਂ ਕਰਾਂਗਾ। ਆਮ ਤੌਰ ਤੇ ਇਹ ਵੇਖਣ ਲਈ ਕਹਾਣੀ ਦਾ ਅਧਿਐਨ ਕਰਾਂਗੇ ਕਿ ਇਸ ਤੋਂ ਕੀ ਸਬਕ ਮਿਲ ਸਕਦਾ ਹੈ। ਫਿਰ ਮੈਂ ਇਕ ਖ਼ਾਸ ਸਵਾਲ ਪੁੱਛਣਾ ਚਾਹੁੰਦਾ ਹਾਂ: ''ਯਿਸੂ ਉਸ ਠੁਕਰਾਏ ਜਾਣ ਦੇ ਬਾਵਜੂਦ ਅੱਗੇ ਕਿਵੇਂ ਵਧ ਸਕਿਆ?''

## ਯਿਸੂ ਦਾ ਠੁਕਰਾਇਆ ਜਾਣਾ

ਬਾਈਬਲ ਦਾ ਸਾਡਾ ਪਾਠ ਇਸ ਵਾਕ ਨਾਲ ਸ਼ੁਰੂ ਹੁੰਦਾ ਹੈ, ''ਫਿਰ ਉਹ ਨਾਸਰਤ ਨੂੰ ਆਇਆ ਜਿੱਥੇ ਪਲਿਆ ਸੀ'' (ਆਇਤ 16)। ਨਾਸਰਤ ਛੋਟਾ ਜਿਹਾ ਕਸਬਾ ਸੀ, ਜਿੱਥੇ ਯਿਸੂ ਵੱਡਾ ਹੋਇਆ ਸੀ।[4] ਇਹ ਗਲੀਲ ਦੇ ਇਲਾਕੇ ਵਿਚ ਯਰਦਨ ਦਰਿਆ ਅਤੇ ਭੂਮੱਧ ਸਾਗਰ ਦੇ ਵਿਚਕਾਰ ਕਿਤੇ ਯਰੂਸ਼ਲਮ ਦਾ ਉੱਤਰੀ ਖੇਤਰ ਸੀ।

''... ਅਤੇ ਆਪਣੇ ਦਸਤੂਰ ਅਨੁਸਾਰ ਸੱਬਤ ਦੇ ਦਿਨ ਸਮਾਜ ਵਿਚ ਜਾ ਕੇ ਪੜ੍ਹਨ ਲਈ ਖੜ੍ਹਾ ਹੋਇਆ'' (ਆਇਤ 16)। ਹਰੇਕ ਸੱਬਤ ਦੇ ਦਿਨ ਸਿਨਾਗੋਗ ਦੀਆਂ ਸੇਵਾਵਾਂ ਵਿਚ ਭਾਗ ਲੈਣਾ ਮਸੀਹ ਦਾ ਦਸਤੂਰ ਜਾਂ ਆਦਤ ਸੀ। ਨਿਉਂ ਸੈਂਚਰੀ ਵਰਜ਼ਨ ਵਿਚ ਇਵੇਂ ਹੈ, ''ਉਹ ਸਿਨਾਗੋਗ ਵਿਚ ਗਿਆ, ਜਿਵੇਂ ਹਮੇਸ਼ਾ ਜਾਂਦਾ ਹੁੰਦਾ ਸੀ।'' ਈਮਾਨਦਾਰੀ ਨਾਲ ਬੰਦਗੀ ਵਿਚ ਸ਼ਾਮਲ ਹੋਣਾ *ਸਿਰਫ਼* ਆਦਤ ਹੀ ਨਹੀਂ ਹੋਣੀ ਚਾਹੀਦੀ, ਪਰ ਇਸ ਦੀ ਆਦਤ ਹੋਣਾ ਚੰਗੀ ਗੱਲ ਸੀ।

ਸਾਨੂੰ ਬਾਅਦ ਦੇ ਰੱਬੀਆਂ ਦੇ ਲੇਖਾਂ ਤੋਂ ਸਿਨਾਗੋਗ ਦੀਆਂ ਸੇਵਾਂਵਾਂ ਬਾਰੇ ਕੁਝ ਪਤਾ ਲਗਦਾ ਹੈ। ਬੰਦਗੀ ਵਿਚ ਸੇਵਾ ਹਰ ਕਿਸੇ ਨਾਲ ਮਿਲ ਕੇ ਦੁਹਰਾਉਣ ਨਾਲ ਸ਼ੁਰੂ ਹੁੰਦੀ ਹੈ (ਵਿਵਸਥਾਸਾਰ 6:4–9[5])। ਕਈ ਦੁਆਵਾਂ ਕਰ ਲੈਂਦ ਦੇ ਬਾਅਦ, ਸ਼ਰ੍ਹਾ ਦਾ ਇਕ ਭਾਗ ਪੜ੍ਹਿਆ ਜਾਂਦਾ ਸੀ। ਉਸ ਦੇ ਬਾਅਦ ਨਬੀਆਂ ਵਿੱਚੋਂ ਪੜ੍ਹਿਆ ਜਾਂਦਾ ਸੀ। ਯਿਸੂ ਨੇ ਜਾਂ ਤਾਂ ਬੰਦਗੀ ਦੇ ਉਸ ਭਾਗ ਨੂੰ ਆਪਣੀ ਇੱਛਾ ਨਾਲ ਕੀਤਾ ਜਾ ਉਸ ਨੂੰ ਕਰਨ ਲਈ ਕਿਹਾ ਗਿਆ।

ਉਹ ''ਪੜ੍ਹਨ ਲਈ ਖੜਾ ਹੋਇਆ। ਅਤੇ ਯਸਾਯਾਹ ਨਬੀ ਦੀ ਪੋਥੀ ਉਹ ਨੂੰ ਦਿੱਤੀ ਗਈ'' (ਆਇਤਾਂ 16, 17)। ਇਹ ਕਿਤਾਬ ਉਹਨੂੰ ''ਸੇਵਕ'' ਨੇ ਦਿੱਤੀ ਹੋਵੇਗੀ (ਆਇਤ 20)। KJV ਵਿਚ ''ਮਿਨਿਸਟਰ'' ਹੈ। ਨਿਊਂ ਸੈਂਚੁਰੀ ਵਰਜ਼ਨ ਵਿਚ ''ਸਹਾਇਕ'' ਹੈ।[6] ''ਸਹਾਇਕ'' ਤਨਖਾਹੀਆ ਮੁਲਾਜ਼ਮ ਹੁੰਦਾ ਸੀ, ਜਿਸ ਦਾ ਕੰਮ ਭਵਨ ਅਤੇ ਪਵਿੱਤਰ ਲਿਖਤ ਦੀਆਂ ਪੱਤਰੀਆਂ ਸਣੇ ਉੱਥੇ ਦੇ ਸਮਾਨ ਦੀ ਦੇਖਭਾਲ ਕਰਨਾ ਹੁੰਦਾ ਸੀ।[7] ਇਸ ਰੁਤਬੇ ਵਾਲੇ ਲੋਕ ਬੰਦਗੀਆਂ ਵਿਚ ਅਤੇ ਹਮੇਸ਼ਾ ਸੱਬਤ ਸਕੂਲਾਂ ਵਿਚ ਮਦਦ ਕਰਦੇ ਸਨ। ਕੁਝ ਕੁਝ ਉਹ ਸਾਡੇ ਡੀਕਨਾਂ ਵਾਂਗ ਹੀ ਹੁੰਦੇ ਸਨ।

ਸੇਵਕ ਨੇ ਇਕ ਪੇਟੀ ਵਿੱਚੋਂ ਜਿਸ ਨੂੰ ''ਸੰਦੂਕ'' ਆਖਿਆ ਜਾਂਦਾ ਸੀ, ਯਸਾਯਾਹ ਦੀ ਪੱਤਰੀ ਲਈ ਹੋਵੇਗੀ। ਪੱਤਰੀਆਂ ਬਹੁਤ ਵੱਡੀਆਂ ਹੁੰਦੀਆਂ ਸਨ, ਉਨ੍ਹਾਂ ਦੇ ਰੋਲ ਤਿੰਨ ਜਾਂ ਇਸ ਨਾਲੋਂ ਵੱਧ ਫੁੱਟ ਲੰਮੇ ਹੁੰਦੇ ਸਨ। ਯਸਾਯਾਹ ਦੀ ਕਿਤਾਬ, ਜੋ ਕਾਫ਼ੀ ਲੰਮੀ ਕਿਤਾਬ ਹੈ, ਆਮ ਤੌਰ ਤੇ ਪੱਤਰੀ ਹੀ ਹੁੰਦੀ ਸੀ। ਉਸ ਆਦਮੀ ਨੇ ਯਿਸੂ ਨੂੰ ਪੱਤਰੀ ਫੜਾ ਦਿੱਤੀ।

''ਅਤੇ ਉਸ ਨੇ ਪੋਥੀ ਖੋਲ੍ਹ ਕੇ ਉਹ ਥਾਂ ਕੱਢਿਆ ਜਿੱਥੇ ਇਹ ਲਿਖਿਆ ਹੋਇਆ ਸੀ'' (ਆਇਤ 17)। ਉਸ ਨੇ ਪਹਿਲਾਂ ਪੜ੍ਹੀ ਗਈ ਥਾਂ ਤੇ ਪੱਤਰੀ ਨੂੰ ਵਿਛਾ ਦਿੱਤਾ, ਵੇਖਿਆ ਕਿ ਉਹ ਕਿੱਥੇ ਸੀ ਅਤੇ ਉਹ ਆਇਤ ਲੱਭਣ ਲਈ ਉਹ ਪੜ੍ਹਨਾ ਚਾਹੁੰਦਾ ਸੀ, ਪੱਤਰੀ ਨੂੰ ਸੱਜੇ ਅਤੇ ਖੱਬੇ ਮੋੜਨ ਲੱਗਾ। ਉਸ ਵਕਤ ਤਕ, ਬਾਈਬਲ ਨੂੰ ਅਧਿਆਇਆਂ ਜਾਂ ਆਇਤਾਂ ਵਿਚ ਵੰਡਿਆ ਨਹੀਂ ਗਿਆ ਸੀ। ਕੀ ਤੁਸੀਂ ਵਿਚਾਰ ਕੀਤਾ ਹੈ ਕਿ ਜ਼ਰੂਰੀ ਆਇਤ ਲੱਭਣ ਲਈ ਪ੍ਰਭੂ ਯਸਾਯਾਹ ਦੀ ਕਿਤਾਬ ਨਾਲ ਕਿੰਨਾ ਜਾਣੂ ਸੀ? ਉਸ ਨੂੰ ਜੋ ਚਾਹੀਦਾ ਸੀ, ਲੱਭ ਲਿਆ ਅਤੇ ਉਹ ਆਇਤ ਅੱਜ ਯਸਾਯਾਹ 61:1, 2 ਅਖਵਾਉਂਦੀ ਹੈ– ਅਤੇ ਉਸ ਨੇ ਪੜ੍ਹਿਆ:

> ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ,[8] ਭਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ। ਉਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ, ਤੇ ਕੁਚਲਿਆਂ ਹੋਇਆ ਨੂੰ ਛੁਡਾਵਾਂ ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪ੍ਰਚਾਰ ਕਰਾਂ (ਆਇਤਾਂ 18, 19)।[9]

ਇਸ ਉੱਤੇ ਤਾਂ ਕੁਝ ਅਸਿਹਮਤੀਆਂ ਜ਼ਰੂਰ ਸਨ ਕਿ ਯਸਾਯਾਹ ਦੇ ਕੁਲ ਭਾਗ ਮਸੀਹਾ ਨਾਲ ਸਬੰਧਿਤ ਸਨ ਜਾਂ ਨਹੀਂ, ਪਰ ਇਸ ਆਇਤ ਉੱਤੇ ਕੋਈ ਬਹਿਸ ਨਹੀਂ ਸੀ। ਹਰ ਰੱਬੀ ਦਾ ਵਿਸ਼ਵਾਸ ਸੀ ਕਿ ਇਹ ਸ਼ਬਦ ਮਸੀਹਾ ਲਈ ਹੀ ਹੈ, ਅਰਥਾਤ ਮਸੀਹਾ ਦੇ ਆਉਣ ਤੇ ਖ਼ੁਦਾ ਦਾ ਆਤਮਾ ਉਸ ਉੱਤੇ ਸੀ। ਉਹ ਬੰਧੂਆਂ ਨੂੰ ਖੁਸ਼ਖ਼ਬਰੀ ਸੁਣਾਵੇਗਾ। ਉਹ ''ਬੰਧੂਆਂ'' ਨੂੰ ਛੁਡਾਵੇਗਾ। ''ਬੰਧੂਆਂ'' ਸ਼ਬਦ ਜੰਗ ਬੰਦੀਆਂ ਲਈ ਵਰਤਿਆ ਜਾਂਦਾ ਸੀ। ਉਸ ਨੇ ਅੰਨ੍ਹਿਆਂ ਨੂੰ ਵੇਖਣ ਵਾਸਤੇ ਨਜ਼ਰ ਦੇਣੀ ਸੀ।

ਮਸੀਹਾ ਦੇ ਕੰਮ ਦੀ ਇਸ ਸੂਚੀ ਨੂੰ ਪੜ੍ਹਦੇ ਹੋਏ, ਪਹਿਲਾਂ ਇਸ ਦੇ ਮੂਲ ਅਰਥ ਤੇ ਵਿਚਾਰ ਕਰੋ, ਕਿਉਂਕਿ ਯਿਸੂ ਨੇ ਮੂਲ ਰੂਪ ਵਿਚ ਲੋਕਾਂ ਦੀ ਮਦਦ ਇਵੇਂ ਹੀ ਕੀਤੀ, ਜਿਵੇਂ ਇੱਥੇ ਲਿਖਿਆ ਗਿਆ ਹੈ। ਮਸੀਹਾ ਦੇ ''ਬੰਧੂਆਂ'' ਨੂੰ ਛੁਟਕਾਰਾ ਦੇਣ ਦਾ ਹਵਾਲਾ ਖਾਸ ਤੌਰ ਤੇ ਉਨ੍ਹਾਂ ਲਈ ਅਹਿਮ ਸੀ, ਜੋ ਸ਼ੈਤਾਨ ਦੇ ਗੁਲਾਮ ਸਨ। ਇਸੇ ਤਰ੍ਹਾਂ ਯਿਸੂ ਨੇ ਨਾ ਸਿਰਫ਼ ਸਰੀਰਕ ਅੰਨ੍ਹੇਪਨ, ਸਗੋਂ ਰੂਹਾਨੀ ਅੰਨ੍ਹੇਪਣ ਨੂੰ ਵੀ ਠੀਕ ਕਰਨਾ ਸੀ।

ਵਚਨ ਦਾ ਅਗਲਾ ਭਾਗ ਦਿਲਚਸਪ ਹੈ: ਮਸੀਹਾ ਨੇ ''ਕੁੱਚਲਿਆਂ ਹੋਇਆ ਨੂੰ ਛੁਡਾਉਣਾ'' ਸੀ। ਇਹ ਵਾਕ ਯਸਾਯਾਹ 61:1, 2 ਦੇ ਇਲਾਵਾ ਯਸਾਯਾਹ 58:6 ਤੋਂ ਲਿਆ ਗਿਆ ਹੈ। ਇਹ ਸੰਭਵ ਹੈ ਕਿ ਯਿਸੂ ਨੇ ਖਲੋ ਕੇ, ਇਸ ਹਵਾਲੇ ਵਿਚ ਵਾਪਸ ਆ ਕੇ ਉਸ ਪੱਤਰੀ ਨੂੰ ਲਪੇਟ ਦਿੱਤਾ, ਇਸ ਨੂੰ ਪੜ੍ਹਿਆ ਅਤੇ ਫਿਰ ਉਸ ਭਾਗ ਦੀ ਵੱਲ ਵਧਿਆ ਜਿਸ ਨੂੰ ਅਸੀਂ ਅਧਿਆਇ 61 ਦੇ ਰੂਪ

ਵਿਚ ਜਾਣਦੇ ਹਾਂ। ਫਿਰ, ਵਿਚਾਰ ਕਰੋ ਕਿ ਯਿਸੂ ਲਈ ਇਹ ਕਰਨ ਲਈ ਯਸਾਯਾਹ ਦੀ ਕਿਤਾਬ ਤੋਂ ਕਿੰਨਾ ਵਾਕਫ਼ ਹੋਣਾ ਜ਼ਰੂਰੀ ਸੀ।

ਯਸਾਯਾਹ 61 ਦੀ ਆਇਤ ਇਸ ਵਾਅਦੇ ਨਾਲ ਖ਼ਤਮ ਹੁੰਦੀ ਹੈ ਕਿ ਮਸੀਹਾ ''ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪ੍ਰਚਾਰ'' ਕਰਨਾ ਸੀ (ਲੂਕਾ 4:19)। ''ਪ੍ਰਭੂ ਦੀ ਮੰਜ਼ੂਰੀ ਦੇ ਵਰ੍ਹੇ'' ਵਾਕ ਦਾ ਅਰਥ ਕੈਲੰਡਰ ਦੇ ਵਰ੍ਹੇ ਦਾ ਨਹੀਂ, ਸਗੋਂ ਉਸ ਸਮੇਂ ਲਈ ਸੀ, ਜਦੋਂ ਸਭ ਕੁਝ ਠੀਕ ਕੀਤਾ ਜਾਣਾ ਸੀ।

''ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ'' ਦਾ ਵਿਚਾਰ ਜੁਬਲੀ ਸਾਲ ਨਾਲ ਸਬੰਧ ਪੁਰਾਣੇ ਨੇਮ ਦੀ ਸਿੱਖਿਆ ਉੱਤੇ ਅਧਾਰਿਤ ਹੋ ਸਕਦਾ ਹੈ।[10] ਯਹੂਦੀ ਲੋਕ ਸੱਤ ਸਾਲਾਂ ਦੇ ਚੱਕਰ ਤੇ ਕੰਮ ਕਰਦੇ ਸਨ। ਹਰ ਸਤਵੇਂ ਸਾਲ, ਜ਼ਮੀਨ ਨੂੰ ਖਾਲੀ ਛੱਡਣਾ ਹੁੰਦਾ ਸੀ। ਸੱਤ ਸਾਲਾਂ ਦੇ ਸੱਤ ਚੱਕਰ ਦੇ ਬਾਅਦ, ਜਾਂ ਇਵੇਂ ਆਖੋ ਕਿ ਉਣੰਜਾ ਸਾਲ ਤੋਂ ਅਗਲੇ ਸਾਲ ਅਰਥਾਤ ਪੰਜਾਹਵੇਂ ਸਾਲ ਜੁਬਲੀ ਸਾਲ ਹੁੰਦਾ ਸੀ। ਉਸ ਸਾਲ, ਕਰਜ਼ਾ ਮਾਫ਼ੀ, ਗੁਲਾਮਾਂ ਨੂੰ ਅਜ਼ਾਦ ਅਤੇ ਜ਼ਮੀਨ ਉਨ੍ਹਾਂ ਪਰਿਵਾਰਾਂ ਨੂੰ ਵਾਪਸ ਕਰਨੀ ਹੁੰਦੀ ਸੀ, ਜਿਨ੍ਹਾਂ ਦੀ ਮੂਲ ਰੂਪ ਵਿਚ ਹੁੰਦੀ ਸੀ। ਜੁਬਲੀ ਤੋਂ ਭਾਵ ਉਹ ਸਾਲ ਹੁੰਦਾ ਸੀ, ਜਦ ਲੋਕ ਫੇਰ ਤੋਂ ਸ਼ੁਰੂਆਤ ਕਰਦੇ ਸਨ। ਇਹ ਤਾਂ ਪਤਾ ਨਹੀਂ ਕਿ ਯਹੂਦੀ ਲੋਕ ਸੱਤ ਸਾਲਾਂ ਦੇ ਚੱਕਰਾਂ ਅਤੇ ਜੁਬਲੀ ਸਾਲ ਦੇ ਹੁਕਮਾਂ ਨੂੰ ਕਿੱਥੋਂ ਤਕ ਪੂਰਾ ਕਰਦੇ ਸਨ, ਪਰ ਐਨਾ ਜ਼ਰੂਰ ਜਾਣਦੇ ਸਨ ਕਿ ਉਸ ''ਸਾਲ'' ਦੀ ਰਾਹ ਤੱਕਦੇ ਸਨ, ਜਦ ਮਸੀਹਾ ਸਭ ਕੁਝ ਠੀਕ ਕਰ ਦਏਗਾ।

ਯਸਾਯਾਹ ਵਿੱਚੋਂ ਪੜ੍ਹ ਕੇ ਯਿਸੂ ਨੇ ''ਪੋਥੀ ਬੰਦ ਕਰ'' ਦਿੱਤੀ (ਆਇਤ 20); ਦੂਜੇ ਸ਼ਬਦਾਂ ਵਿਚ ਉਸ ਨੇ ਉਹ ਪੱਤਰੀ ਲਪੇਟ ਦਿੱਤੀ। ਉਸ ਨੇ ''ਪੋਥੀ ਬੰਦ ਕਰ ਕੇ ਸੇਵਕ ਨੂੰ ਦਿੱਤੀ'' ਜਿਸ ਨੇ ਬੜੇ ਅਦਬ ਨਾਲ ਇਸ ਨੂੰ ਰੱਖ ਦਿੱਤਾ ਹੋਵੇਗਾ; ਫਿਰ ਪ੍ਰਭੂ ''ਬੈਠ ਗਿਆ'' (ਆਇਤ 20)। (ਆਦਮੀ ਪੜ੍ਹਨ ਲਈ ਖੜੇ ਹੁੰਦੇ ਅਤੇ ਸਿਖਾਉਣ ਲਈ ਬੈਠਦੇ ਸਨ।) ਮਸੀਹ ਪੜ੍ਹੀ ਗਈ ਆਇਤ ਦੇ ਅਰਥ ਦੀ ਵਿਆਖਿਆ ਕਰਨ ਨੂੰ ਤਿਆਰ ਸੀ। ''ਸਭਨਾਂ ਦੀਆਂ ਅੱਖਾਂ ਜਿਹੜੇ ਸਮਾਜ ਵਿਚ ਹਾਜ਼ਰ ਸਨ ਉਸ ਤੇ ਲੱਗੀਆਂ ਹੋਈਆਂ ਸਨ'' (ਆਇਤ 20)। ਕੁਝ ਉਸ ਦੀ ਸ਼ਖ਼ਸੀਅਤ ਅਤੇ ਉਸ ਦੇ ਪੜ੍ਹਨ ਦੇ ਢੰਗ ਤੋਂ ਲੋਕਾਂ ਦੀ ਉਮੀਦ ਵਧ ਗਈ ਸੀ। ਉਮੀਦ ਨਜ਼ਰ ਆਉਣ ਲੱਗੀ ਸੀ। ਹਰ ਅੱਖ ਯਿਸੂ ਤੇ ਟਿਕੀ ਹੋਈ ਸੀ।

''ਤਦ ਉਹ ਉਨ੍ਹਾਂ ਨੂੰ ਕਹਿਣ ਲੱਗਾ ਕਿ ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿਚ ਪੂਰੀ ਹੋਈ ਹੈ'' (ਆਇਤ 21)। ਅਸਲ ਵਿਚ, ਉਸ ਨੇ ਕਿਹਾ ਕਿ ''ਇਹ ਬੀਤੇ ਵਿਚ ਹੋਈ ਜਾਂ ਭਵਿੱਖ ਵਿਚ ਹੋਣ ਵਾਲੀ ਗੱਲ ਨਹੀਂ ਹੈ। ਇਹ ਗੱਲ ਯਰੂਸ਼ਲਮ ਵਿਚ ਜਾਂ ਕਿਤੇ ਹੋਰ ਹੋਣ ਵਾਲੀ ਘਟਨਾ ਤੇ ਲਾਗੂ ਨਹੀਂ ਹੁੰਦੀ ਸੀ। ਇਹ ਇਹੀ, ਇਸੇ ਵਕਤ ਲਈ ਹੀ ਕਹੀ ਗਈ ਹੈ। *ਅੱਜ* ਇਹ ਵਚਨ *ਤੁਹਾਡੇ* ਸੁਣਨ ਨਾਲ ਪੂਰਾ ਹੋਇਆ ਹੈ।'' ਸਾਫ਼ ਸ਼ਬਦਾਂ ਵਿਚ, ਯਿਸੂ ਆਖ ਰਿਹਾ ਸੀ ਕਿ ਉਸ ਵਿਚ ਉਹ ਆਇਤ ਪੂਰੀ ਹੋ ਗਈ ਹੈ ਭਾਵ *ਉਹ ਹੀ* ਆਉਣ ਵਾਲਾ ਮਸੀਹਾ ਹੈ!

ਸਿਨਾਗੋਗ ਉਨ੍ਹਾਂ ਲੋਕਾਂ ਨਾਲ ਭਰਿਆ ਹੋਇਆ ਸੀ, ਜਿਨ੍ਹਾਂ ਨਾਲ ਆਪਣੀ ਜ਼ਿੰਦਗੀ ਵਿਚ ਪਿਛਲੇ ਤੀਹਾਂ ਸਾਲ ਤੋਂ ਯਿਸੂ ਮਿਲ ਰਿਹਾ ਸੀ। ਉਹ ਉਨ੍ਹਾਂ ਵਿੱਚੋਂ ਕਈਆਂ ਦੇ ਨਾਲ ਵੱਡਾ ਹੋਇਆ ਸੀ। ਉਸ ਨੇ ਉਨ੍ਹਾਂ ਨੂੰ ਪਿਆਰ ਕਰਨਾ ਸਿਖਾਇਆ ਸੀ। ਉਹ ਉਸ ਨੂੰ ਮਸੀਹਾ ਦੇ ਰੂਪ ਵਿਚ ਕਬੂਲ ਕਰਕੇ ਉਨ੍ਹਾਂ ਬਰਕਤਾਂ ਨੂੰ ਪਾ ਸਕਦੇ ਸਨ, ਜਿਨ੍ਹਾਂ ਬਾਰੇ ਯਸਾਯਾਹ ਨੇ ਲਿਖਿਆ ਸੀ।

ਉਨ੍ਹਾਂ ਦੀ ਕੀ ਪ੍ਰਤੀਕਿਰਿਆ ਸੀ? ਪਹਿਲਾਂ ਤਾਂ, ''ਸਭਨਾਂ ਨੇ ਉਸ ਉੱਤੇ ਸਾਖੀ ਦਿੱਤੀ ਅਤੇ ਉਨ੍ਹਾਂ ਕਿਰਪਾ ਦੀਆਂ ਗੱਲਾਂ ਤੋਂ ਜੋ ਉਹ ਦੇ ਮੂੰਹੋਂ ਨਿੱਕਲਦੀਆਂ ਸਨ ਹੈਰਾਨ ਹੋ ਕੇ ਕਿਹਾ, ਭਲਾ, ਇਹ ਯੂਸੁਫ਼ ਦਾ ਪੁੱਤਰ ਨਹੀਂ?'' (ਆਇਤ 22)। ਇਸ ਮੁੰਡੇ ਅਤੇ ਨੌਜਵਾਨ ਬਾਰੇ ਗੱਲਾਂ ਕਰਦਿਆਂ ਜਿਸ ਨੂੰ ਉਹ ਜਾਣਦੇ ਸਨ, ਮੈਂ ਉਨ੍ਹਾਂ ਦੇ ਹੈਰਾਨ ਹੋਣ ਦੀ ਕਲਪਨਾ ਕਰ ਸਕਦਾ ਹਾਂ: ''ਮੇਰੇ ਘਰ ਵਿਚ ਇਸ ਦੇ ਹੱਥ ਦਾ ਬਣਿਆ ਇਕ ਸੰਦੂਕ ਹੈ''; ''ਮੇਰੇ ਬਰਾਂਡੇ ਦੀ ਇਸਨੇ ਮੁਰੰਮਤ ਕੀਤੀ ਸੀ।'' ''ਅੱਜ

ਇਸ ਨੇ ਬਹੁਤ ਵਧੀਆ ਪੜ੍ਹਿਆ ਹੈ, ਹੈ ਨਾ! ਇਸ ਨੇ ਐਨਾ ਸ਼ਾਨਦਾਰ ਬੋਲਣਾ ਕਿੱਥੋਂ ਸਿੱਖਿਆ?'' ਫਿਰ ਉਨ੍ਹਾਂ ਦੇ ਮਨਾਂ ਵਿਚ ਸ਼ੱਕ ਆਇਆ। ਮੱਤੀ ਨੇ ਕਹਾਣੀ ਦੇ ਇਸ ਭਾਗ ਦਾ ਵੇਰਵਾ ਇਵੇਂ ਦਿੱਤਾ:

> ... ਉਹ ਦੰਗ ਹੋਕੇ ਕਹਿਣ ਲੱਗੇ ਭਈ ਇਸ ਮਨੁੱਖ ਨੂੰ ਇਹ ਗਿਆਨ ਅਰ ਏਹ ਕਰਾਮਾਤਾਂ ਕਿੱਥੋਂ ਮਿਲੀਆਂ? ਭਲਾ, ਇਹ ਤਰਖਾਣ ਦਾ ਪੁੱਤਰ ਨਹੀਂ? 11 ਅਤੇ ਇਹ ਦੀ ਮਾਂ ਮਰੀਅਮ ਨਹੀਂ ਕਹਾਉਂਦੀ ਅਤੇ ਇਹ ਦੇ ਭਾਈ ਯਾਕੂਬ ਅਤੇ ਯੂਸੁਫ਼ ਅਰ ਸ਼ਮਊਨ ਅਰ ਯਹੂਦਾ ਨਹੀਂ ਹਨ?ਅਤੇ ਉਹਦੀਆਂ ਸੱਭੇ ਭੈਣਾਂ ਸਾਡੇ ਕੋਲ ਨਹੀਂ ਹਨ? ਫੇਰ ਉਹ ਨੂੰ ਇਹ ਸਭ ਕੁਝ ਕਿੱਥੋਂ ਮਿਲਿਆ? ਐਉਂ ਉਨ੍ਹਾਂ ਉਸ ਤੋਂ ਠੋਕਰ ਖਾਧੀ (ਮੱਤੀ 13:54–57; ਵੇਖੋ ਮਰਕੁਸ 6:3)।

ਯਿਸੂ ਦੇ ਸ਼ੁਰੂਆਤੀ ਜ਼ਿੰਦਗੀ ਦੀਆਂ ਦੁਨਿਆਵੀ ਗੱਲਾਂ ਕਰਕੇ ਉਨ੍ਹਾਂ ਨੂੰ ਵਿਖਾਈ ਨਾ ਦਿੱਤਾ, ਜੋ ਅਸਲ ਵਿਚ ਉਹ ਹੈ ਸੀ। ਉਸ ਨੇ ਉਨ੍ਹਾਂ ਦਾ ਫ਼ਰਨੀਚਰ ਬਣਾਇਆ ਸੀ ਅਤੇ ਉਨ੍ਹਾਂ ਦੇ ਸਮਾਨ ਦੀ ਮੁਰੰਮਤ ਕੀਤੀ ਸੀ। ਉਹ ਹੈਰਾਨ ਸਨ ਕਿ ਉਹ ਐਨਾ ਵਧੀਆ ਕਿਵੇਂ ਬੋਲ ਸਕਦਾ ਹੈ, ਪਰ ਉਹ ਤਾਂ ਉਨ੍ਹਾਂ ਦੇ ''ਪਿੰਡ ਦਾ ਮੁੰਡਾ'' ਹੀ ਸੀ। ਉਨ੍ਹਾਂ ਨੂੰ ''ਠੋਕਰ ਲੱਗੀ'' ਭਾਵ ਉਨ੍ਹਾਂ ਨੂੰ ਬੇਇੱਜ਼ਤੀ ਮਹਿਸੂਸ ਹੋਈ, ਉਹ ਪਰੇਸ਼ਾਨ ਹੋਏ। ਮੱਤੀ ਅਤੇ ਮਰਕੁਸ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਦੀ ਮੁਸ਼ਕਿਲ ''ਬੇਪਰਤੀਤੀ'' ਸੀ (ਮੱਤੀ 13:58; ਮਰਕੁਸ 6:6)। ਉਨ੍ਹਾਂ ਨੂੰ ਪ੍ਰਭੂ ਦੇ ਮਗਰ ਚੱਲਣ ਦਾ ਮੌਕਾ ਮਿਲਿਆ ਸੀ, ਪਰ ਉਨ੍ਹਾਂ ਨੇ ਯਕੀਨ ਕਰਨ ਤੋਂ ਨਾਂਹ ਕਰ ਦਿੱਤੀ

ਯਿਸੂ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਹੋਣਗੀਆਂ। ਇਸ ਦੇ ਇਲਾਵਾ, ਉਹ ਉਨ੍ਹਾਂ ਦੇ ਮਨਾਂ ਦੇ ਵਿਚਾਰ ਵੀ ਪੜ੍ਹ ਸਕਦਾ ਸੀ (ਯੂਹੰਨਾ 2:25)। ਉਸ ਨੇ ਜਵਾਬ ਦਿੱਤਾ, ''ਤੁਸੀਂ ਜ਼ਰੂਰ ਇਹ ਕਹਾਉਤ ਮੇਰੇ ਉੱਤੇ ਕਹੋਗੇ ਕਿ ਹੇ ਵੈਦ, ਆਪਣੇ ਆਪ ਨੂੰ ਚੰਗਾ ਕਰ'' (ਲੂਕਾ 4:23)। ਉਸ ਕਹਾਉਤ ਦਾ ਸਿੱਧਾ ਮਤਲਬ ਸੀ ਕਿ ''ਸਾਡੀ ਮੁਸ਼ਕਿਲ ਹੱਲ ਕਰਨ ਨਾਲੋਂ ਤੂੰ ਪਹਿਲਾਂ ਆਪਣੀ ਮੁਸ਼ਕਿਲ ਨੂੰ ਹੱਲ ਕਰ।'' ਇਸ ਦੀ ਵਰਤੋਂ ਇੱਥੇ ਥੋੜ੍ਹੇ ਜਿਹੇ ਫ਼ਰਕ ਅਰਥ ਵਿਚ ਕੀਤੀ ਗਈ ਹੈ। ਮਸੀਹ ਨੇ ਆਪਣੇ ਵਿਚਾਰ ਦੱਸਦੇ ਹੋਏ ਆਪਣੀ ਗੱਲ ਚਾਲ ਰੱਖੀ: ''ਜੋ ਕੁਝ ਅਸਾਂ ਕਫ਼ਰਨਾਹੂਮ ਵਿਚ ਹੁੰਦਾ ਸੁਣਿਆ ਐੱਥੇ ਆਪਣੇ ਦੇਸ਼ ਵਿਚ ਵੀ ਕਰ'' (ਆਇਤ 23)। ''ਵੈਦ'' ਕਹਾਉਤ ਦੀ ਵਰਤੋਂ ਇਸ ਅਰਥ ਵਿਚ ਕੀਤੀ ਜਾ ਰਹੀ ਸੀ ਕਿ ''ਆਪਣੇ ਆਪ ਨੂੰ ਉਵੇਂ ਹੀ ਮੋਅਜਜ਼ਾ ਕਰਕੇ *ਸਾਬਤ ਕਰ* ਜਿਵੇਂ ਤੂੰ ਕਫ਼ਰਨਾਹੂਮ ਵਿਚ ਕੀਤਾ ਸੀ।''

ਸਿਨਾਗੋਗ ਦੇ ਲੋਕ ਜਾਣਦੇ ਸਨ ਕਿ ਯਿਸੂ ਨੇ ਵੀਹ ਤੋਂ ਘੱਟ ਮੀਲ ਦੂਰ, ਕਫ਼ਰਨਾਹੂਮ ਵਿਚ ਕੀ ਕੀਤਾ ਸੀ।[12] ਉਨ੍ਹਾਂ ਨੇ ਉਸ ਦੇ ਦੂਜੇ ਮੋਅਜਜ਼ਿਆਂ ਬਾਰੇ ਵੀ ਜ਼ਰੂਰ ਸੁਣਿਆ ਹੋਵੇਗਾ (ਵੇਖੋ ਲੂਕਾ 7:17)। ਉਨ੍ਹਾਂ ਨੇ ਮਸੀਹ ਨੂੰ ਉਸ ਇਲਾਕੇ ਵਿਚ ਜਾਂਦਿਆਂ ਵੇਖਣ ਅਤੇ ਸੁਣਨ ਲਈ ਮੌਕੇ ਮਿਲੇ ਹੋਣਗੇ (ਵੇਖੋ ਲੂਕਾ 8:1)।[13] ਉਨ੍ਹਾਂ ਲਈ ਇਨ੍ਹਾਂ ਵਿੱਚੋਂ ਕੋਈ ਵੀ ਮੋਅਜਜ਼ਾ ਬਹੁਤ ਨਹੀਂ ਸੀ। ਉਹ ਕਿਸੇ ਖ਼ਾਸ ਨਿਸ਼ਾਨ ਅਰਥਾਤ ਆਪਣੇ ਲਈ ਕੋਈ ਖ਼ਾਸ ਮੋਅਜਜ਼ੇ ਦੀ ਮੰਗ ਕਰ ਰਹੇ ਸਨ। ਜਿਸ ਤੋਂ ਉਨ੍ਹਾਂ ਦਾ ਵਿਸ਼ਵਾਸ ਨਹੀਂ, ਬਲਕਿ ਬੇਪਰਤੀਤੀ ਹੀ ਨਜ਼ਰ ਆਉਂਦੀ ਸੀ।

ਯਿਸੂ ਨੇ ਉਨ੍ਹਾਂ ਨੂੰ ਕਿਹਾ, ''ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਕੋਈ ਨਬੀ ਆਪਣੇ ਦੇਸ਼ ਵਿਚ ਪਰਵਾਨ ਨਹੀਂ'' (ਲੂਕਾ 4:24)। ਮਰਕੁਸ ਦੇ ਅਨੁਸਾਰ ਯਿਸੂ ਨੇ ਉਨ੍ਹਾਂ ਨੂੰ ਕਿਹਾ, ''ਨਬੀ ਦਾ ਆਪਣੇ ਦੇਸ਼ ਅਤੇ ਆਪਣੇ ਅੰਗ ਸਾਕ ਅਤੇ ਆਪਣੇ ਘਰ ਤੋਂ ਬਿਨਾਂ ਹੋਰ ਕਿਤੇ ਨਿਆਦਰ ਨਹੀਂ ਹੁੰਦਾ'' (ਮਰਕੁਸ 6:4)। ਜ਼ਰੂਰੀ ਨਹੀਂ ਕਿ ਇਹ ਕਹਾਉਤ ਹਰ ਥਾਂ ਲਾਗੂ ਹੋਵੇ, ਪਰ ਆਮ ਤੌਰ ਤੇ ਸੱਚ ਹੀ ਹੁੰਦੀ ਹੈ। ਹਮੇਸ਼ਾ, ਜਦੋਂ ਅਸੀਂ ਕਿਸੇ ਆਦਮੀ ਨੂੰ ਬਚਪਨ ਤੋਂ ਜਾਣਦੇ ਹਾਂ ਤਾਂ ਸਾਡੇ ਲਈ ਉਹ ਦੀ ਪ੍ਰਾਪਤੀਆਂ ਨੂੰ ਸਮਝਣਾ ਅਤੇ ਉਸ ਦੀ ਤਾਰੀਫ਼ ਕਰਨਾ ਮੁਸ਼ਕਿਲ ਹੁੰਦਾ ਹੈ।

ਮਸੀਹ ਨੇ ਅੱਗੇ ਕਿਹਾ:

> ਪਰ ਮੈਂ ਤੁਹਾਨੂੰ ਠੀਕ ਆਖਦਾ ਹਾਂ ਜੋ ਏਲੀਯਾਹ ਦੇ ਦਿਨੀਂ ਜਾਂ ਸਾਢੇ ਤਿੰਨਾਂ ਵਰ੍ਹਿਆਂ ਦੀ ਐਡੀ ਔੜ ਲੱਗੀ ਭਈ ਸਾਰੇ ਦੇਸ਼ ਉੱਤੇ ਵੱਡਾ ਕਾਲ ਪਿਆ ਬਹੁਤ ਸਾਰੀਆਂ ਵਿਧਵਾਵਾਂ ਇਸਰਾਏਲ ਵਿਚ ਸਨ। ਪਰ ਸੈਦਾ ਦੇਸ਼ ਦੇ ਸਾਰਪਤ ਦੀ ਇਕ ਵਿਧਵਾ ਤੋਂ ਬਿਨਾਂ ਏਲੀਯਾਹ ਉਨ੍ਹਾਂ ਵਿੱਚੋਂ ਕਿਸੇ ਹੋਰ ਦੇ ਕੋਲ ਨਹੀਂ ਘੱਲਿਆ (ਲੂਕਾ 4:25, 26)।

ਅਸਲ ਵਿਚ, ਉਹ ਆਖ ਰਿਹਾ ਸੀ, ''ਮੈਂ ਨਬੀਆਂ ਦੀ ਰੂਹ ਵਿਚ ਆਇਆ ਹਾਂ। ਏਲੀਯਾਹ ਦੇ ਵਕਤ ਖ਼ੁਦਾ ਨੇ ਇਸ ਨਬੀ ਨੂੰ ਦੇਸ਼ੋ ਬਾਹਰ ਭੇਜਿਆ। ਏਲੀਆਹ ਯਹੂਦੀ ਵਿਧਵਾਵਾਂ ਦੀ ਮਦਦ ਕਰ ਸਕਦਾ ਸੀ, ਪਰ ਇਸ ਦੇ ਉਲਟ ਖ਼ੁਦਾ ਨੇ ਉਸ ਤੋਂ ਸਾਰਪਤ ਦੀ ਇਕ ਪਰਾਈ ਕੌਮ ਦੀ ਵਿਧਵਾ ਦੀ ਮਦਦ ਕਰਵਾਈ ਸੀ।''[14]

ਮਸੀਹ ਨੇ ਇਕ ਹੋਰ ਉਦਾਹਰਣ ਦਿੱਤੀ, ''ਅਲੀਸ਼ਾ ਨਬੀ ਦੇ ਸਮੇਂ ਇਸਰਾਏਲ ਵਿਚ ਬਹੁਤ ਸਾਰੇ ਕੌੜ੍ਹੀ ਸਨ ਪਰ ਉਨ੍ਹਾਂ ਵਿੱਚੋਂ ਨਾਮਾਨ ਸੁਰਿਯਾਨੀ ਬਿਨਾਂ ਕੋਈ ਸ਼ੁੱਧ ਨਾ ਕੀਤਾ ਗਿਆ'' (ਆਇਤ 27)। ਅਲੀਸ਼ਾ ਨਬੀ ਏਲੀਯਾਹ ਦਾ ਉੱਤਰਾਧਿਕਾਰੀ ਸੀ। ਉਹ ਬਹਤੁ ਸਾਰੇ ਯਹੂਦੀ ਕੋੜ੍ਹੀਆਂ ਨੂੰ ਚੰਗਾ ਕਰ ਸਕਦਾ ਸੀ: ਪਰ ਖ਼ੁਦਾ ਦੇ ਉਪਾਅ ਵਿਚ ਉਸ ਨੇ ਇਕ ਪਰਾਈ ਕੌਮ ਦੇ ਕੋੜ੍ਹੀ ਨੂੰ ਹੀ ਚੰਗਾ ਕੀਤਾ। ਯਿਸੂ ਦੇ ਸਮੇਂ ਵਿਚ, ਜੇ ਕਿਸੇ ਯਹੂਦੀ ਨੂੰ ਚਿੜਾਉਣਾ ਹੋਵੇ, ਤਾਂ ਸਿਰਫ਼ ਇਹੀ ਸੰਕੇਤ ਦੇਣਾ ਕਾਫ਼ੀ ਸੀ ਕਿ ਖ਼ੁਦਾ ਪਰਾਈਆਂ ਕੌਮਾਂ ਦੀ ਵੀ ਚਿੰਤਾ ਕਰਦਾ ਹੈ!

ਲੋਕਾਂ ਨੇ ਮਸੀਹ ਦੇ ਉਦਾਹਰਣਾਂ ਤੇ ਕੀ ਪ੍ਰਤੀਕਿਰਿਆ ਕੀਤੀ? ਕੀ ਬਾਈਬਲ ਇਹ ਆਖਦੀ ਹੈ ਕਿ ''ਇਹ ਗੱਲਾਂ ਸੁਣ ਕੇ ਸਿਨਾਗੋਗ ਦੇ ਸਾਰੇ ਲੋਕ *ਵਿਸ਼ਵਾਸ* ਕਰਨ ਲੱਗੇ?'' ਬਹੁਤ ਮੁਸ਼ਕਿਲ ਹੈ। ''ਸੋ ਜਿਹੜੇ ਸਮਾਜ (ਸਿਨਾਗੋਗ) ਵਿਚ ਸਨ ਓਹ ਸਭ ਇਨ੍ਹਾਂ ਗੱਲਾਂ ਨੂੰ ਸੁਣਦੇ ਹੀ ਗੁੱਸੇ ਨਾਲ ਭਰ ਗਏ'' (ਆਇਤ 28)।

ਸਿਨਾਗੋਗ ਦੀ ਆਮ ਮਰਿਯਾਦਾ ਤੋੜ ਕੇ ਉਹ ਬੇਕਾਬੂ ਭੀੜ ਵਿਚ ਬਦਲ ਗਏ।[15] ''ਅਤੇ ਉੱਠ ਕੇ ਉਸ ਨੂੰ ਨਗਰੋਂ ਬਾਹਰ ਕੱਢਿਆ ਅਤੇ ਉਸ ਪਹਾੜ ਦੀ ਟੀਸੀ ਉੱਤੇ ਜਿਸ ਤੇ ਉਨ੍ਹਾਂ ਦਾ ਨਗਰ ਬਣਿਆ ਹੋਇਆ ਸੀ ਲੈ ਚੱਲੇ'' (ਆਇਤ 29)। ਨਾਸਰਤ ਲਬਾਨੋਨ ਦੀ ਪਹਾੜੀ ਤੇ ਵੱਸਿਆ ਹੋਇਆ ਸੀ, ਜੋ ਗਲੀਲ ਵਿਚ ਦੱਖਣ ਤਕ ਫੈਲਿਆ ਹੋਇਆ ਸੀ। ਉਸ ਇਲਾਕੇ ਦੀਆਂ ਕਈ ਉੱਚੀਆਂ ਥਾਂਵਾਂ ਉਨ੍ਹਾਂ ਦੇ ਖ਼ਤਰਨਾਕ ਮਕਸਦ ਨੂੰ ਪੂਰਾ ਕਰਦੀਆਂ ਹੋਣਗੀਆਂ।

ਉਹ ਯਿਸੂ ਨੂੰ ਉੱਥੇ ਲੈ ਗਏ, ਤਾਂ ਜੋ ਟੀਸੀ ਤੋਂ ''ਉਹ ਨੂੰ ... ਡੇਗ ਦੇਣ'' (ਆਇਤ 29)। ਕਿਉਂਕਿ ਉਸ ਦੇ ਕਹਿਣ ਦਾ ਮਲਤਬ ਸੀ ਕਿ ਉਹ ਮਸੀਹਾ ਹੈ, ਇਸ ਲਈ ਸ਼ਾਇਦ ਉਨ੍ਹਾਂ ਨੇ ਉਸ ਤੇ ਕੁਫ਼ਰ ਬੋਲਣ ਦਾ ਇਲਜ਼ਾਮ ਲਾਇਆ, ਜੋ ਅਜਿਹਾ ਪਾਪ ਸੀ, ਜਿਸ ਦੀ ਸਜ਼ਾ ਪੱਥਰ ਮਾਰ ਕੇ ਮਾਰ ਦੇਣਾ ਸੀ (ਲੇਵੀਆਂ ਦੀ ਪੋਥੀ 24:16)। ਆਮ ਤੌਰ ਤੇ ਪੱਥਰ ਚੁੱਕੇ ਦੋਸ਼ੀ ਤੇ ਉਨ੍ਹਾਂ ਦੀ ਬੁਛਾੜ ਕਰ ਦਿੱਤੀ ਜਾਂਦੀ ਸੀ, ਪਰ ਕਈ ਵਾਰ ਸ਼ਿਕਾਰ ਆਦਮੀ ਨੂੰ ਕਰਾਰ ਵਿਚ ਪਾ ਕੇ ਉਸ ਤੇ ਚਟਾਨ ਦੇ ਪੱਥਰ ਪਾ ਦਿੱਤੇ ਜਾਂਦੇ ਸਨ। ਯਿਸੂ ਨੂੰ ਸਜ਼ਾ ਦੇਣ ਲਈ ਸ਼ਾਇਦ ਬਾਅਦ ਵਾਲਾ ਤਰੀਕਾ ਹੀ ਨਾਸਰਤ ਦੇ ਲੋਕਾਂ ਦੇ ਮਨ ਵਿਚ ਹੋਵੇਗਾ।

ਉਨ੍ਹਾਂ ਦੀ ਇੱਛਾ ਜੋ ਵੀ ਸੀ, ਆਇਤ 30 ਆਖਦੀ ਹੈ ਕਿ ''ਉਹ ਉਨ੍ਹਾਂ ਦੇ ਵਿੱਚੋਂ ਦੀ ਲੰਘ ਕੇ ਚੱਲਿਆ ਗਿਆ।'' ਕੀ ਉਸ ਨੇ ਆਪਣੇ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਨਾਲ ਵਿਖਾਇਆ, ਜਿਸ ਨੂੰ ਵੇਖਣ ਵਾਲੇ ਬਹੁਤ ਪ੍ਰਭਾਵਿਤ ਹੋ ਗਏ ਅਤੇ ਕੁਝ ਕਰ ਨਾ ਸਕੇ (ਜਿਵੇਂ ਪੈਸੇ ਦਾ ਲੈਣ ਦੇਣ ਕਰਨ ਵਾਲੇ ਲੋਕਾਂ ਨੇ ਕੀਤਾ ਸੀ, ਜਦ ਉਸ ਨੇ ਹੈਕਲ ਨੂੰ ਸ਼ੁੱਧ ਕੀਤਾ ਸੀ), ਜਾਂ ਉਸ ਨੇ ਕੋਈ ਮੋਅਜਜ਼ਾ

ਕੀਤਾ ਸੀ।[16] ਅਸੀਂ ਇਹ ਕਦੇ ਨਹੀਂ ਜਾਣ ਪਾਵਾਂਗੇ, ਘੱਟੋ ਘੱਟ ਇਸ ਜ਼ਿੰਦਗੀ ਵਿਚ ਤਾਂ ਬਿਲਕੁਲ ਨਹੀਂ। ਉਸ ਦਾ ''ਵੇਲਾ'' ਅਜੇ ਨਹੀਂ ਆਇਆ ਸੀ (ਵੇਖੋ ਯੂਹੰਨਾ 7:30; 8:20), ਇਸ ਲਈ ਉਸ ਸਮੇਂ ਜੋ ਜ਼ਰੂਰੀ ਸੀ, ਉਸ ਨੇ ਕੀਤਾ। ਫਿਰ ਉਹ ਨਾਸਰਤ ਤੋਂ ਚੱਲਿਆ ਗਿਆ। ਜਿੱਥੋਂ ਤਕ ਅਸੀਂ ਜਾਣਦੇ ਹਾਂ ਇਹ ਉਸ ਦਾ ਆਖ਼ਰੀ ਵਾਰ ਜਾਣਾ ਸੀ।[17]

## ਯਿਸੂ ਨੇ ਠੁਕਰਾਏ ਜਾਣ ਨਾਲ ਕਿਵੇਂ ਨਜਿੱਠਿਆ

ਇਹ ਕਿੰਨੇ ਦੁੱਖ ਦੀ ਕਹਾਣੀ ਹੈ: ਯਿਸੂ ਨੂੰ ਆਪਣੇ ਹੀ ਸ਼ਹਿਰ ਵਿਚ ਠੁਕਰਾਇਆ ਗਿਆ। ਇਸ ਸਮੇਂ ਸਵਾਲ ਇਹ ਹੈ ਕਿ ਯਿਸੂ ਨੇ ਇਸ ਦਾ ਕਿਵੇਂ ਸਾਹਮਣਾ ਕੀਤਾ? ਠੁਕਰਾਏ ਜਾਣ ਤੇ ਤੁਸੀਂ ਜਾਂ ਮੈਂ ਉਸ ਹਲਾਤ ਦਾ ਸਾਹਮਣਾ ਕਿਵੇਂ ਕਰ ਸਕਦੇ ਹਾਂ? ਬਾਈਬਲ ਦੇ ਸਾਡੇ ਪਾਠ ਨਾਲ ਜੁੜੇ ਸਤ ਸੁਝਾਅ ਹੇਠ ਲਿਖੇ ਹਨ:[18]

1. *ਉਹ ਠੁਕਰਾਏ ਜਾਣ ਨਾਲ ਨਜਿੱਠ ਸਕਿਆ, ਕਿਉਂਕਿ ਉਸ ਨੂੰ ਪਹਿਲਾਂ ਤੋਂ ਅਹਿਸਾਸ ਸੀ* (ਵੇਖੋ ਮਰਕੁਸ 8:31; ਲੂਕਾ 17:25)। ਇਹ ਉਸ ਦੇ ਮਿਸ਼ਨ ਦਾ ਹਿੱਸਾ ਸੀ। ਠੁਕਰਾਏ ਜਾਣ ਤੋਂ ਬਚਣ ਦਾ ਇੱਕੋ ਇਕ ਤਰੀਕਾ ਕੁਝ ਵੀ ਨਾ ਕਰਨਾ ਸੀ। ਜੇ ਤੁਸੀਂ ਆਪਣਾ ਹੱਥ ਬਾਹਰ ਨਹੀਂ ਕੱਢਦੇ ਤਾਂ ਇਹ ਕਦੇ ਕੱਟਿਆ ਨਹੀਂ ਜਾਵੇਗਾ, ਪਰ ਇਹ ਵੀ ਹੈ ਕਿ ਤੁਸੀਂ ਕਿਸੇ ਚੀਜ਼ ਨੂੰ ਫੜ੍ਹ ਨਹੀਂ ਸਕੋਗੇ। ਠੁਕਰਾਏ ਜਾਣ ਦੇ ਅਹਿਸਾਸ ਨੇ ਯਿਸੂ ਨੂੰ ਦਿਮਾਗੀ ਤੌਰ ਤੇ ਤਿਆਰ ਕਰ ਦਿੱਤਾ ਸੀ।

2. *ਉਹ ਠੁਕਰਾਏ ਜਾਣ ਨਾਲ ਨਿਪਟ ਸਕਿਆ, ਕਿਉਂਕਿ ਖ਼ੁਦਾ ਨਾਲ ਉਸ ਦਾ ਖ਼ਾਸ ਸਬੰਧ ਸੀ।* ਉਹ ਸਬੰਧ ਯਸਾਯਾਹ ਦੀ ਨਬੂਵਤ ਵਿਚ ਵਿਖਾਈ ਦਿੰਦਾ ਸੀ: ''ਪ੍ਰਭੂ ਦਾ ਆਤਮਾ ਮੇਰੇ ਉੱਤੇ ਸੀ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਾਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ'' (ਲੂਕਾ 4:18; ਵੇਖੋ ਰਸੂਲਾਂ ਦੇ ਕੰਮ 10:38)। ਉਹ ਮਸਹ ਯਿਸੂ ਦੇ ਬਪਤਿਸਮੇ ਵੇਲੇ ਹੋਇਆ ਸੀ, ਜਦ ਆਤਮਾ ਉਸ ਉੱਤੇ ਉੱਤਰਿਆ ਸੀ (ਲੂਕਾ 3:22)। ਉਦੋਂ ਤੋਂ ਹੀ, ਲੂਕਾ ਵਿਖਾਉਂਦਾ ਹੈ ਕਿ ਮਸੀਹ ''ਪਵਿੱਤਰ ਆਤਮਾ ਨਾਲ ਭਰਪੂਰ'' ਰਹਿੰਦਾ ਸੀ (4:1; ਵੇਖੋ ਆਇਤ 14)। ਉਹ ਆਪਣੀ ਦੁਆਈਆ ਜ਼ਿੰਦਗੀ ਨਾਲ ਇਸ ਸਬੰਧ ਨੂੰ ਨਵਿਆਉਂਦਾ ਰਹਿੰਦਾ ਸੀ (5:16; 6:12; 9:28; 11:1)। ਉਸ ਨੂੰ ਪਤਾ ਹੁੰਦਾ ਸੀ ਕਿ ਮਨੁੱਖਾਂ ਵੱਲੋਂ ਠੁਕਰਾਏ ਜਾਣ ਦੇ ਬਾਵਜੂਦ ਉਹ ਖ਼ੁਦਾ ਵੱਲੋਂ ਠੁਕਰਾਇਆ ਨਹੀਂ ਗਿਆ ਸੀ (ਵੇਖੋ 2 ਤਿਮੋਥਿਉਸ 4:16, 17)।

3. *ਉਹ ਠੁਕਰਾਏ ਜਾਣ ਨਿਪਟ ਸਕਿਆ, ਕਿਉਂਕਿ ਉਹ ਸਿਨਾਗੋਗ ਦੀਆਂ ਸਭਾਵਾਂ ਵਿਚ ਲਗਾਤਾਰ ਭਾਗ ਲੈਂਦਾ ਸੀ।* ਅਸੀਂ ਪਹਿਲਾ ਇਕ ਥਾਂ ਵੇਖਿਆ ਹੈ ਕਿ ਸਿਨਾਗੋਗ ਵਿਚ ਜਾਣਾ ਮਸੀਹ ਦੀ ਰੀਤ ਜਾਂ ਆਦਤ ਸੀ। ਇਮਾਨਦਾਰੀ ਨਾਲ ਜੇ ਕੋਈ ਆਖ ਸਕਦਾ ਹੈ ਕਿ ''ਮੈਨੂੰ ਆਮ ਬੰਦਗੀਆਂ ਵਿਚ ਜਾਣ ਦੀ *ਲੋੜ* ਨਹੀਂ ਹੈ,'' ਤਾਂ ਇਹ ਯਿਸੂ ਹੀ ਹੋਵੇਗਾ। ਇਸ ਦੇ ਬਾਵਜੂਦ ਜਦ ਖ਼ੁਦਾ ਦੇ ਲੋਕ ਵਚਨ ਦਾ ਅਧਿਐਨ ਕਰਨ ਜਾਂ ਬੰਦਗੀ ਲਈ ਇਕੱਠੇ ਹੁੰਦੇ, ਤਾਂ ਉਹ ਉਨ੍ਹਾਂ ਦੇ ਨਾਲ ਰਹਿਣਾ *ਚਾਹੁੰਦਾ* ਸੀ।

ਅਸੀਂ ਮਸੀਹ ਦੀ ਜ਼ਿੰਦਗੀ ਦੇ ਆਪਣੇ ਅਧਿਐਨ ਵਿਚ ਐਨੇ ਕੁ ਅੱਗੇ ਆ ਚੁੱਕੇ ਹਾਂ ਕਿ ਤੁਹਾਡੇ ਲਈ ਉਦੋਂ ਦੇ ਖ਼ੁਦਾ ਦੇ ਲੋਕਾਂ ਬਾਰੇ ਕੁਝ ਸਵਾਲਾਂ ਦਾ ਜਵਾਬ ਦੇ ਸਕਦੇ ਹਾਂ: ਕੁਝ ਮਿਲਾ ਕੇ, ਕੀ ਇਸਰਾਏਲੀ ਲੋਕ ਖ਼ੁਦਾ ਦਾ ਭੈਅ ਮੰਨਣ ਵਾਲੇ ਲੋਕ ਸਨ? ਕੀ ਉਹ ਨਿਸ਼ਠਾਵਾਨ ਲੋਕ ਸਨ? ਕੀ ਉਹ ਖ਼ੁਦਾ ਲਈ ਵਿਸ਼ਵਾਸ ਅਤੇ ਪਿਆਰ ਨਾਲ ਭਰੇ ਜਾਂ ਰੂਹਾਨੀ ਤੌਰ ਤੇ ਬਹੁਤ ਗਿਰੇ ਹੋਏ ਸਨ? ਯਿਸੂ ਅਸਾਨੀ ਨਾਲ ਆਖ ਸਕਦਾ ਸੀ, ''ਮੈਂ ਬੰਦਗੀ ਵਿਚ ਨਹੀਂ ਜਾਵਾਂਗਾ ਕਿਉਂਕਿ ਇਸ ਵਿਚ ਕਪਟੀ ਲੋਕ ਹੁੰਦੇ ਹਨ।'' ਉਹ ਇਮਾਨਦਾਰੀ ਨਾਲ ਆਖ ਸਕਦਾ ਸੀ, ''ਮੈਂ ਉਸ ਨਾਲੋਂ ਕਿਤੇ ਚੰਗਾ ਹਾਂ।'' ਪਰ ਉਸ ਨੇ ਅਜਿਹਾ ਕੁਝ ਨਹੀਂ ਆਖਿਆ। ਮਸੀਹ ਸਿਨਾਗੋਗ ਵਿਚ ਇਸ ਲਈ ਨਹੀਂ ਜਾਂਦਾ

ਸੀ ਕਿ ਬੰਦਗੀ ਕਰਨ ਵਾਲਿਆਂ ਦਾ ਖ਼ੁਦਾ ਨਾਲ ਸਹੀ ਸਬੰਧ ਸੀ; ਬਲਕਿ ਉਹ ਇਸ ਲਈ ਜਾਂਦਾ ਸੀ, ਕਿਉਂਕਿ ਉਹ ਖ਼ੁਦਾ ਨਾਲ ਆਪਣੇ ਸਬੰਧ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਸੀ।

ਅੱਜ ਅਸੀਂ ਸਿਨਾਗੋਗ ਵਿਚ ਨਹੀਂ, ਬਲਕਿ ਕਲੀਸੀਆ ਵਿਚ ਬੰਦਗੀ ਕਰਦੇ ਹਾਂ. ਪਰ ਇਸ ਲਈ ਵੀ ਸਾਨੂੰ ਪ੍ਰਭੂ ਵਾਲੀ ਸੋਚ ਦੀ ਹੀ ਲੋੜ ਹੈ (1 ਪਤਰਸ 2:21)। ਅਸੀਂ ਇਕ ਦੂਜੇ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਇੱਕਠੇ ਹੁੰਦੇ ਹਾਂ (ਇਬਰਾਨੀਆਂ 10:24, 25)। ਮਸੀਹ ਵਿਚ ਭਰਾਵਾਂ ਅਤੇ ਭੈਣਾਂ ਦੀ ਸ਼ਕਤੀ ਨਾਲ ਸੰਸਾਰ ਵੱਲੋਂ ਠੁਕਰਾਏ ਜਾਣ ਤੇ ਸਾਨੂੰ ਮਦਦ ਮਿਲ ਸਕਦੀ ਹੈ।

4. *ਉਹ ਠੁਕਰਾਏ ਜਾਣ ਦਾ ਇਸ ਲਈ ਸਾਹਮਣਾ ਕਰ ਸਕਿਆ, ਕਿਉਂਕਿ ਉਹ ਵਚਨ ਨੂੰ ਜਾਣਦਾ ਸੀ।* ਇਕ ਵਾਰ ਫੇਰ, ਉਸ ਨੂੰ ਪੱਤਰੀ ਨੂੰ ਲਪੇਟ ਕੇ ਅਤੇ ਖੋਲ੍ਹ ਕੇ, ਉਸ ਆਇਤ ਨੂੰ ਲੱਭਦਿਆਂ ਵੇਖੋ, ਜਿਸਨੂੰ ਉਹ ਪੜ੍ਹਨਾ ਚਾਹੁੰਦਾ ਸੀ। ਕੀ ਤੁਹਾਨੂੰ ਪਤਾ ਲੱਗਾ ਕਿ ਇਹ ਸੁਝਾਅ ਸਾਨੂੰ ਕਿੱਥੇ ਲੈ ਕੇ ਜਾ ਰਹੇ ਹਨ? ਖ਼ੁਦਾ ਨੇ ਸਾਨੂੰ ਖੁਸ਼ਹਾਲ ਹੋਣ ਲਈ *ਕਈ* ਸਥਾਨ ਦਿੱਤੇ ਹਨ। ਉਸ ਨੇ ਸਾਨੂੰ ਦੁਆ ਦਿੱਤੀ ਹੈ, ਜੋ ਉਸ ਦੇ ਨਾਲ ਸਾਡੇ ਸਬੰਧ ਲਈ ਜ਼ਰੂਰੀ ਹੈ। ਉਸ ਨੇ ਸਾਨੂੰ ਪੜ੍ਹਨ ਲਈ ਬਾਈਬਲ ਦਿੱਤੀ ਹੈ, ਤਾਂ ਜੋ ਅਸੀਂ ਉਸ ਦੀ ਦਿਲਾਸਾ ਦੇਣ ਵਾਲੀ ਅਵਾਜ਼ ਨੂੰ ਸੁਣ ਸਕੀਏ। ਉਸ ਨੇ ਸਾਨੂੰ ਇਕੱਠੇ ਮਿਲ ਕੇ ਇਕ ਦੂਜੇ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਨ੍ਹਾਂ ਸੁਰਗ ਦੇ ਵਸੀਲਿਆਂ ਅਤੇ ਮੌਕਿਆਂ ਦੀ ਵਰਤੋਂ ਨਹੀਂ ਕਰਦੇ। ਫਿਰ ਅਸੀਂ ਹੈਰਾਨ ਹੁੰਦੇ ਹਾਂ ਕਿ ਠੁਕਰਾਏ ਜਾਣ ਤੇ ਅਸੀਂ ਚੂਰ ਚੂਰ ਕਿਉਂ ਹੋ ਜਾਂਦੇ ਹਾਂ।

5. *ਉਹ ਠੁਕਰਾਏ ਜਾਣ ਦਾ ਸਾਹਮਣਾ ਇਸ ਲਈ ਕਰ ਸਕਿਆ, ਕਿਉਂਕਿ ਉਹ ਜਾਣਦਾ ਸੀ ਕਿ ਉਹ ਕੌਣ ਹੈ ਅਤੇ ਸਮਝਦਾ ਸੀ ਕਿ ਖ਼ੁਦਾ ਦੀ ਯੋਜਨਾ ਵਿਚ ਉਸ ਦੀ ਕੀ ਥਾਂ ਹੈ।* ਉਹ ਯਸਾਯਾਹ 61 ਅਧਿਆਇ ਪੜ੍ਹ ਕੇ ਹਕੀਕਤ ਵਿਚ ਆਖ ਸਕਦਾ ਸੀ, ''ਇਹ *ਮੇਰੇ* ਬਾਰੇ ਹੀ ਹੈ। ਮੈਂ ਉਹੀ ਕਰ ਰਿਹਾ ਹਾਂ, ਜੋ ਖ਼ੁਦਾ ਮੈਥੋਂ ਕਰਾਉਣਾ ਚਾਹੁੰਦਾ ਹੈ।'' ਹਮੇਸ਼ਾ, ਅਸੀਂ ਨਿੱਜੀ ਅਸੁਰੱਖਿਆ ਕਰਕੇ ਠੁਕਰਾਏ ਜਾਣ ਦਾ ਸਾਹਮਣਾ ਨਹੀਂ ਕਰ ਪਾਉਂਦੇ। ਸਾਨੂੰ ਹਰ ਵਾਰੀ ਪਤਾ ਨਹੀਂ ਹੁੰਦਾ ਕਿ ਅਸੀਂ ਖ਼ੁਦਾ ਦੀ ਯੋਜਨਾ ਵਿਚ ਕਿੱਥੇ ਫਿੱਟ ਬੈਠਦੇ ਹਾਂ। ਅਸੀਂ ਸਮਝਦੇ ਨਹੀਂ ਕਿ ਅਸੀਂ ਖ਼ਾਸ ਲੋਕ ਭਾਵ ਖ਼ੁਦਾ ਦੇ ਲੋਕ ਹਾਂ। ਜੇ ਤੁਸੀਂ ਮਸੀਹੀ ਹੋ ਤਾਂ ਤੁਸੀਂ ਖ਼ੁਦਾ ਦੇ ਲੋਕ ਅਤੇ ਤੁਹਾਡੀ ਜ਼ਿੰਦਗੀ ਵਿਚ ਖ਼ੁਦਾ ਦੀ ਇਕ ਯੋਜਨਾ ਹੈ। ਉਸ ਸੱਚਿਆਈ ਨੂੰ ਥੰਮ੍ਹੀ ਰੱਖੋ!

6. *ਉਹ ਠੁਕਰਾਏ ਜਾਣ ਦਾ ਇਸ ਲਈ ਸਾਹਮਣਾ ਕਰ ਸਕਿਆ, ਕਿਉਂਕਿ ਉਹ ਠੁਕਰਾਏ ਜਾਣ ਦੇ ਬਾਵਜੂਦ ਸਹੀ ਕੰਮ ਕਰਨ ਲਈ ਸਮਰਪਿਤ ਸੀ।* ਨਾਸਰਤ ਦੇ ਲੋਕਾਂ ਨਾਲ ਗੱਲ ਕਰਦਿਆਂ ਉਸ ਨੂੰ ਇਸ ਸਪਸ਼ੱਟ ਸੰਭਾਵਨਾ ਦਾ ਪਤਾ ਹੋਣਾ ਸੀ ਕਿ ਉਹ ਉਸ ਦੀ ਗੱਲ ਨਹੀਂ ਮੰਨਣਗੇ, ਪਰ ਫਿਰ ਵੀ ਉਸ ਨੇ ਆਖ ਦਿੱਤੀ। ਜੇ ਅਸੀਂ ਠੁਕਰਾਏ ਜਾਂਦੇ ਹਾਂ, ਤਾਂ ਇਸ ਗਿਆਨ ਨਾਲ ਚੈਨ ਮਿਲਦਾ ਹੈ ਕਿ ਅਸੀਂ ਉਹੀ ਕੀਤਾ ਹੈ, ਜੋ ਖ਼ੁਦਾ ਚਾਹੁੰਦਾ ਹੈ ਸੀ ਕਿ ਅਸੀਂ ਕਰੀਏ।

7. *ਉਹ ਠੁਕਰਾਏ ਜਾਣ ਦਾ ਇਸ ਲਈ ਸਾਮਹਣਾ ਕਰ ਪਾਇਆ ਕਿਉਂਕਿ ਠੁਕਰਾਏ ਜਾਣ ਤੇ ਉਹ ਕਦੇ ਐਨਾ ਨਿਰਾਸ਼ ਨਹੀਂ ਹੋਇਆ ਕਿ ਛੱਡ ਕੇ ਹੀ ਚੱਲਿਆ ਜਾਵੇ।* ਬਹੁਤ ਸਾਰੇ ਬੇਵਿਸ਼ਵਾਸੇ ਮਸੀਹੀ ਇਸ ਸਬਕ ਤੋਂ ਫ਼ਾਇਦਾ ਲੈ ਸਕਦੇ ਹਨ।

ਇਸ ਸਰਮਨ ਵਿਚ ਮੇਰਾ ਜ਼ੋਰ ਸੰਸਾਰ ਵੱਲੋਂ ਠੁਕਰਾਏ ਜਾਣ ਤੇ ਰਿਹਾ ਹੈ। ਬਾਈਬਲ ਦੇ ਸਾਡੇ ਪਾਠ ਵਿਚ, ਯਿਸੂ ਨੂੰ ਸੰਸਾਰ ਵੱਲੋਂ ਨਹੀਂ, ਬਲਕਿ ਉਨ੍ਹਾਂ ਲੋਕਾਂ ਵੱਲੋਂ ਠੁਕਰਾਇਆ ਗਿਆ ਸੀ, ਜੋ ਆਪਣੇ ਆਪ ਨੂੰ ਖ਼ੁਦਾ ਦੇ ਲੋਕ ਹੋਣ ਦਾ ਦਾਅਵਾ ਕਰਦੇ ਸਨ। ਉਸ ਨੂੰ ਬਜ਼ਾਰ ਵਿਚ ਨਹੀਂ ਬਲਕਿ ਖ਼ੁਦਾ ਦੀ ਬੰਦਗੀ ਲਈ ਮਖ਼ਸੂਸ ਭਵਨ ਵਿਚ ਠੁਕਰਾਇਆ ਗਿਆ ਸੀ।

ਮੈਂ ਅਜਿਹੇ ਕਈ ਮਸੀਹੀ ਲੋਕਾਂ ਨੂੰ ਜਾਣਦਾ ਹਾਂ, ਜੋ ਹਾਂ, ਜੋ ਕਦੇ ਬੰਦਗੀ ਵਿਚ ਆਉਣ ਅਤੇ ਪ੍ਰਭੂ ਲਈ ਕੰਮ ਕਰਨ ਵਿਚ ਬੜੇ ਵਫ਼ਾਦਾਰ ਸਨ। ਫਿਰ ਹੋਰ ਮਸੀਹੀ ਲੋਕਾਂ ਵੱਲੋਂ ''ਉਨ੍ਹਾਂ ਦੇ ਦਿਲ

ਦੁਖੀ'' ਕੀਤੇ ਜਾਣ ਤੇ ਉਹ ''ਕਲੀਸੀਆ ਨੂੰ ਛੱਡ ਗਏ।'' ਉਨ੍ਹਾਂ ਨੇ ਪ੍ਰਭੂ ਦੇ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਨਾ ਰੱਖਣ ਦੀ ਸਹੁੰ ਲੈ ਲਈ ਹੈ।

ਯਿਸੂ ਨੂੰ ਖ਼ੁਦਾ ਦੇ ਲੋਕਾਂ ਵੱਲੋਂ ਠੁਕਰਾਇਆ ਹੀ ਨਹੀਂ ਗਿਆ, ਉਨ੍ਹਾਂ ਤਾਂ ਉਸ ਨੂੰ ਮਾਰ ਸੁੱਟਣ ਦੀ ਵੀ ਕੋਸ਼ਿਸ਼ ਕੀਤੀ ਸੀ। ਜਿੱਥੋਂ ਤਕ ਮੈਂ ਚਾਹੁੰਦਾ ਹਾਂ, ਕੋਈ ਬੇਵਿਸ਼ਵਾਸਾ ਮਸੀਹੀ, ਜਿਸ ਨੂੰ ਮੈਂ ਮਿਲਿਆ ਹਾਂ, ਅਜਿਹਾ ਨਹੀਂ ਹੋਵੇਗਾ ਜਿਸ ਨੂੰ ਕਲੀਸੀਆ ਦੇ ਹੋਰ ਲੋਕਾਂ ਵੱਲੋਂ ਮਾਰ ਸੁੱਟਣ ਦੀ ਧਮਕੀ ਦਿੱਤੀ ਗਈ ਹੋਵੇ। ਕੀ ਇਸ ਆਮ ਬੰਦਗੀ ਤੋਂ ਉਸ ਦਾ ਮਨ ਉੱਠ ਗਿਆ ਹੈ? ਕੀ ਉਸ ਨੇ ਕਦੇ ਸਿਨਾਗੋਗ ਵਿਚ ਦੁਬਾਰਾ ਬੰਦਗੀ ਨਾ ਕਰਨ ਦਾ ਫ਼ੈਸਲਾ ਲਿਆ? ਕੀ ਉਸ ਨੇ ਕਿਹਾ, ''ਜੇ ਮੈਂ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ, ਤਾਂ ਠੀਕ ਹੈ, ਉਨਾਂ ਦੀ ਮਰਜ਼ੀ?'' ਲੂਕਾ ਰਾਹੀਂ ਲਿਖੀ ਅਗਲੀ ਕਹਾਣੀ ਵਿਚ, ਮਸੀਹ ਕਫ਼ਰਨਾਹੂਮ ਦੇ ਸਿਨਾਗੋਗ ਵਿਚ ਗਿਆ (4:31, 33)।[19] ਇਕ ਸਿਨਾਗੋਗ ਦੀ ਬੰਦਗੀ ਵਿਚ ਠੁਕਰਾਏ ਜਾਣ ਦੇ ਬਾਅਦ ਉਹ ਦੂਜੇ ਸਿਨਾਗੋਗ ਵਿਚ ਚਲਿਆ ਗਿਆ। ਪ੍ਰਭੂ ਨੇ ਮਨੁੱਖਾਂ ਦੀ ਕਮਜ਼ੋਰੀ ਨੂੰ ਸਹੀ ਕੰਮ ਦੀ ਆਪਣੇ ਸਮਰਪਣ ਨੂੰ ਪ੍ਰਭਾਵਿਤ ਨਹੀਂ ਕਰਨ ਦਿੱਤਾ।

ਠੁਕਰਾਇਆ ਜਾਣਾ ਤੁਹਾਨੂੰ ਭਾਵੇਂ ਕਿੰਨਾ ਵੀ ਪਰੇਸਾਨ ਕਰੇ, ਇਸ ਨਾਲ ਤੁਸੀਂ ਕਈ ਰਾਤਾਂ ਤੋਂ ਸੌਂ ਨਾ ਸਕੋ, ਪਰ ਇਹ ਤਹੱਈਆ ਕਰ ਲਓ ਕਿ ਜੋ ਕੁਝ ਤੁਹਾਨੂੰ ਚਾਹੀਦਾ ਅਤੇ ਜੋ ਕੁਝ ਤੁਹਾਨੂੰ ਕਰਨਾ ਚਾਹੀਦਾ, ਉਸ ਤੋਂ ਕੋਈ ਬੰਦਾ ਤੁਹਾਨੂੰ ਦੂਰ ਨਹੀਂ ਕਰ ਸਕਦਾ। ਪ੍ਰਭੂ ਲਈ ਅਜਿਹੇ ਸਮਰਪਣ ਨਾਲ ਤੁਸੀਂ ਜ਼ਿੰਦਗੀ ਵਿਚ ਕਿਸੇ ਵੀ ਤਰ੍ਹਾਂ ਦੇ ਠੁਕਰਾਏ ਜਾਣ ਦਾ ਸਾਹਮਣਾ ਕਰ ਸਕਦੇ ਹੋ। ਮੇਰੇ ਨਾਲ ਦੁਆ ਕਰੋ:

> ਹੇ ਸਾਡੇ ਸੁਰਗੀ ਪਿਤਾ, ਅਸੀਂ ਸਮਝਦੇ ਹਾਂ ਕਿ ਸ਼ੈਤਾਨ ਸਾਨੂੰ ਨਾਸ ਕਰਨ ਅਤੇ ਮਸੀਹ ਵਿਚ ਸਾਡੇ ਭਾਈਆਂ ਅਤੇ ਭੈਣਾਂ ਨੂੰ ਨਾਸ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ ਅਸੀਂ ਜਾਣਦੇ ਹਾਂ ਕਿ ਉਹ ਸਾਨੂੰ ਉਤਸ਼ਾਹਿਤ ਕਰਨ ਅਤੇ ਤੇਰੇ ਰਾਹ ਤੋਂ ਪਿੱਛੇ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਨੂੰ ਮਜ਼ਬੂਤ ਕਰ ਕਿ ਅਸੀਂ ਸ਼ੈਤਾਨ ਦੇ ਜਾਲ ਵਿਚ ਨਾ ਫ਼ਸੀਏ। ਅਸੀਂ ਤੇਰੇ ਨਾਲ ਪਿਆਰ ਕਰਨ ਅਤੇ ਜੋ ਕੁਝ ਤੂੰ ਸਾਡੇ ਲਈ ਕੀਤਾ ਹੈ ਉਸ ਲਈ, ਧੰਨਵਾਦ ਕਰਨ ਵਿਚ ਸਾਡੀ ਮਦਦ ਕਰ। ਆਪਣੇ ਨਾਲ ਸਾਡਾ ਸਬੰਧ ਮਜ਼ਬੂਤ ਕਰ ਤਾਂ ਜੋ ਜਦੋਂ ਅਸੀਂ ਠੁਕਰਾਏ ਜਾਈਏ, ਤਾਂ ਇਸ ਸਾਡੇ ਨਾਸ ਕਰਨ ਜਾਂ ਕਿਸੇ ਤਰ੍ਹਾਂ ਹੋਰ ਨਾ ਪਾਏ। ਪ੍ਰਭੂ ਯਿਸੂ ਦੇ ਨਾਮ ਵਿਚ, ਆਮੀਨ।

## ਸਾਰ

ਠੁਕਰਾਏ ਜਾਣ ਤੇ ਫ਼ਤਹਿ ਪਾਉਣ ਲਈ, ਪ੍ਰਭੂ ਨਾਲ ਤੁਹਾਡਾ ਖ਼ਾਸ ਸਬੰਧ ਹੋਣਾ ਜ਼ਰੂਰੀ ਹੈ। ਇਹ ਸਬੰਧ ਬਪਤਿਸਮਾ ਲੈਣ ਨਾਲ ਸ਼ੁਰੂ ਹੁੰਦਾ ਹੈ। ਯਿਸੂ ਦੇ ਬਪਤਿਸਮੇ ਵੇਲੇ, ਖ਼ੁਦਾ ਦਾ ਆਤਮਾ ਯਿਸੂ ਤੇ ਉੱਤਰਿਆ ਅਤੇ ਖ਼ੁਦਾ ਨੇ ਉਸ ਨੂੰ ਆਪਣਾ ਪੁੱਤਰ ਮੰਨਿਆ (ਮੱਤੀ 3:16, 17)। ਬਪਤਿਸਮਾ ਲੈਣ ਵੇਲੇ ਖ਼ੁਦਾ ਤੁਹਾਡੇ ਮਨ ਵਿਚ ਆਪਣੇ ਆਤਮਾ ਨੂੰ ਭੇਜ ਤੁਹਾਨੂੰ ਆਪਣਾ ਪੁੱਤਰ ਬਣਾ ਲੈਂਦਾ ਹੈ (ਰਸੂਲਾਂ ਦੇ ਕੰਮ 2:38; ਗਲਾਤੀਆਂ 4:6, 7)।[20] ਬਪਤਿਸਮਾ ਲੈਣ ਦੇ ਬਾਅਦ, ਤੁਹਾਨੂੰ ਪ੍ਰਭੂ ਦੇ ਪ੍ਰਤੀ ਵਫ਼ਾਦਾਰ ਰਹਿ ਕੇ ਉਸ ਸਬੰਧ ਨੂੰ ਬਣਾ ਕੇ ਰੱਖਣਾ ਜ਼ਰੂਰੀ ਹੈ। ਸਿਰਫ਼ ਤਾਂ ਹੀ ਤੁਸੀਂ ਐਨੇ ਮਜ਼ਬੂਤ ਹੋ ਸਕਦੇ ਹੋ ਕਿ ਠੁਕਰਾਏ ਜਾਣ ਦਾ ਸਾਹਮਣਾ ਕਰ ਸਕੋ।

ਕੀ ਤੁਸੀਂ ਭਾਵ ਅਰਥਾਤ ਹੁਕਮ ਮੰਨਣ ਦੇ ਰਾਹੀਂ ਪਰਮੇਸ਼ੁਰ ਦੀ ਸੰਤਾਨ ਬਣ ਗਏ ਹੋ? ਜੇ ਤੁਸੀਂ ਪਹਿਲਾਂ ਹੀ ਖ਼ੁਦਾ ਦੀ ਸੰਤਾਨ ਹੋ, ਤਾਂ ਕਦੀ ਤੁਸੀਂ ਆਪਣੇ ਆਪ ਨੂੰ ਬੇਵਫ਼ਾ ਅਤੇ ਬੇਕਾਰ ਹੋਣ ਤੋਂ ਬਚਣ ਲਈ ਠੁਕਰਾਏ ਜਾਣ ਨੂੰ ਉਤਸ਼ਾਹਿਤ ਕੀਤਾ ਹੈ। ਯਿਸੂ ਨੇ ਕਿਹਾ, ''ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਆਤਮਾ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋ ਜਿਹੜਾ ਦੇਹੀ ਅਤੇ ਆਤਮਾ ਦੋਹਾਂ ਦਾ ਨਰਕ ਵਿਚ ਨਾਸ ਕਰ ਸਕਦਾ ਹੈ'' (ਮੱਤੀ 10:28)। ਜੇ ਮਸੀਹ ਦੇ

ਵਿਚਾਰ ਦੀ ਮੈਂ ਸਹੀ ਵਰਤੋਂ ਕਰ ਸਕਦਾ ਹਾਂ ਤਾਂ ਮੈਂ ਇਸ ਵਿਚ ਜੋੜ ਦਿੰਦਾ ਹਾਂ: ''ਉਨ੍ਹਾਂ ਤੋਂ ਨਾ ਡਰੋ ਜੋ ਸਿਰਫ਼ ਇਸ ਜ਼ਿੰਦਗੀ ਵਿਚ ਤੁਹਾਨੂੰ ਠੁਕਰਾਉਂਦੇ ਹਨ, ਸਗੋਂ ਉਸ ਤੋਂ ਡਰੋ ਜੋ ਸਦੀਪਕਕਾਲ ਲਈ ਤੁਹਾਨੂੰ ਠੁਕਰਾ ਸਕਦਾ ਹੈ।'' ਜੇ ਤੁਸੀਂ ਬਪਤਿਸਮਾ ਨਹੀਂ ਲਿਆ ਹੈ (ਗਲਾਤੀਆਂ 3:26, 27) ਜਾਂ ''ਆਪਣੇ ਪਹਿਲੇ ਪਿਆਰ'' ਨੂੰ ਛੱਡ ਬੈਠੇ ਹੋ (ਪ੍ਰਕਾਸ਼ ਦੀ ਪੋਥੀ 2:4), ਤਾਂ ਹੁਕਮ ਮੰਨਣ ਨੂੰ ਛੱਡੋ ਨਹੀਂ, ਹੁਣੇ ਮੰਨ ਲਓ।

---

ਟਿੱਪਣੀਆਂ

[1]ਵੇਖੋ ਯਿਰਮਿਯਾਹ 20:7, 8. ਯਿਰਮਿਯਾਹ ਦੀ ਕਿਤਾਬ ਵਿਚ ਘੱਟੋ–ਘੱਟ ਪੰਜ ''ਸ਼ਿਕਾਇਤ'' ਵਿਭਾਗ ਹਨ। [2]ਠੁਕਰਾਏ ਜਾਣ ਦੀ ਮੇਰੀਆਂ ਉਦਾਹਰਣਾਂ ਦੀ ਥਾਂ ਤੁਸੀਂ ਆਪਣੀ ਕੋਈ ਉਦਾਹਰਣ ਲਾ ਸਕਦੇ ਹੋ। [3]ਕਈਆਂ ਦਾ ਖਿਆਲ ਹੈ ਕਿ ਮੱਤੀ ਅਤੇ ਮਰਕੁਸ ਵੱਖੋ ਵੱਖ ਮੌਕੇ ਨੂੰ ਵਿਖਾਉਂਦੇ ਹਨ, ਪਰ ਮੇਰਾ ਮੰਨਣਾ ਹੈ ਕਿ ਤਿੰਨੇ ਇੱਕੋ ਹੀ ਘਟਨਾ ਦੀ ਗੱਲ ਹੀ ਕਰ ਰਹੇ ਹਨ। [4]*ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ''ਮਸੀਹ ਆ ਰਿਹਾ ਹੈ'' ਪਾਠ ਵਿਚ ਨਾਸਰਤ ਤੇ ਟਿੱਪਣੀਆਂ ਵੇਖੋ। [5]***Shema*** (ਸ਼ੇਮਾ) ਇਕ ਇਬਰਾਨੀ ਸ਼ਬਦ ਹੈ, ਜਿਸ ਦਾ ਅਰਥ ''ਸੁਣਨਾ'' ਹੈ, ਜੋ ਵਿਵਸਥਾਸਾਰ 6:4 ਨਾਲ ਬਹੁਤ ਮੇਲ ਖਾਂਦਾ ਹੈ। ਰੋਜ਼ਮੱਰਾ ਦੀਆਂ ਦੁਆਵਾਂ ਵਿਚ ਦੁਹਰਾਉਣ ਵੇਲੇ, ਸ਼ੇਮਾ ਵਿਚ ਵਿਵਸਥਾਸਾਰ 6:4–9 ਅਤੇ 11:13–21, ਗਿਣਤੀ 15:37–41 ਅਤੇ ਕਈ ਹੋਰ ਬਰਕਤ ਦੇ ਕਲਮੇ ਹੁੰਦੇ ਹਨ। [6]*ਦ ਆਂਸਰ* (ਡਲਾਸ: ਵਰਡ ਬਾਈਬਲ, 1993), 1033. ਯੂਨਾਨੀ ਤੋਂ ਅਨੁਵਾਦ ਹੋਇਆ ਸ਼ਬਦ ''ਸੇਵਕ,'' ''ਮਿਨਿਸਟਰ'' ਅਤੇ ''ਸਹਾਇਕ'' ਦਾ ਸ਼ਬਦੀ ਅਰਥ ''ਅਧੀਨ ਮਲਾਹ'' ਹੈ। ਇਸ ਦਾ ਮੂਲ ਅਰਥ ਚੱਪੂ ਨਾਲ ਚੱਲਣ ਵਾਲੇ ਸਮੁੰਦਰੀ ਜਹਾਜ਼ਾਂ ਵਿੱਚੋਂ ਡੈਕ ਦੇ ਹੇਠਾਂ ਕੰਮ ਕਰਨ ਵਾਲਾ ਮਲਾਹ ਸੀ। ਇਸ ਦੀ ਵਰਤੋਂ ਮੁਸ਼ਕਿਲ, ਨਾਪਸੰਦ ਕੰਮ ਕਰਨ ਵਾਲੇ ਲਈ ਕੀਤੀ ਜਾਂਦੀ ਸੀ। [7]ਇਹ ਆਦਮੀ, ''ਸਮਾਜ (ਸਿਨਾਗੋਗ) ਦਾ ਸਰਦਾਰ'' ਨਹੀਂ ਸੀ (ਲੂਕਾ 8:41; KJV); ਉਹ ਇਕ ਵੱਖਰਾ ਰੁਤਬਾ ਹੈ। [8]ਮਸੀਹਾ ਦੇ ਟੁੱਟੇ ਮਨ ਵਾਲਿਆਂ ਨੂੰ ਚੰਗਿਆਈ ਦੇਣ ਦੇ ਸਬੰਧ ਵਿਚ KJV ਵਿਚ ਇਕ ਵਾਕ ਜੋੜਿਆ ਗਿਆ ਹੈ। ਇਹ ਅਸਲ ਵਿਚ ਲੂਕਾ ਵਿਚ ਦਿੱਤੀ ਗਈ ਉਦਾਹਰਣ ਨੂੰ ਯਸਾਯਾਹ 61:1 ਨਾਲ ਹੋਰ ਮਿਲੀਆਂ ਜੁਲੀਆਂ ਬਣਾਉਣ ਲਈ ਜੋੜਿਆ ਗਿਆ ਹੋ ਸਕਦਾ ਹੈ। ਜੇ ਇਹ ਵਾਕ ਲੂਕਾ ਦੀ ਕਿਤਾਬ ਦੇ ਮੂਲ ਹੱਥ ਦੀਆਂ ਲਿਖਤਾਂ ਵਿਚ ਨਾ ਵੀ ਹੁੰਦਾ ਤਾਂ, ਇਹ ਉਹ ਕੰਮ ਸੀ, ਜੋ ਮਸੀਹਾ ਨੇ ਕਰਨਾ ਸੀ। [9]ਇੱਥੇ ਰੁਕ ਕੇ ਧਿਆਨ ਦਿਓ ਕਿ ਮਸੀਹਾ ਨੇ ''ਕੰਗਾਲਾਂ,'' ''ਗੁਲਾਮਾਂ,'' ''ਅੰਨ੍ਹਿਆਂ'' ਅਤੇ ''ਦੱਬਿਆਂ ਕੁਚਲਿਆਂ'' ਦਾ ਧਿਆਨ ਕਰਨਾ ਸੀ। ਇਹ ਹਕੀਕਤ ਕਿ ਉਸਦੀ ਦਿਲਚਸਪੀ ਇਹੋ ਜਿਹੇ ਲੋਕਾਂ ਵਿਚ ਸੀ, ਇਸ਼ਾਰਾ ਹੈ ਕਿ ਸਾਨੂੰ ਕਿਹੋ ਜਿਹੇ ਲੋਕ ਹੋਣਾ ਚਾਹੀਦਾ ਹੈ। [10]ਉਸ ਵਿਸ਼ੇ ਤੇ ਬੁਨਿਆਦੀ ਸਿੱਖਿਆ ਲਈ, ਵੇਖੋ ਲੇਵੀਆਂ ਦੀ ਪੋਥੀ 25 ਅਤੇ 27 ਅਧਿਆਇ।

[11]ਉਨ੍ਹਾਂ ਨੇ ਪੁੱਛਿਆ, ''ਭਲਾ ਇਹ ਤਰਖਾਣ ... ਨਹੀਂ?'' (ਮਰਕੁਸ 6:3)। ਯਿਸੂ ਦਾ ਕਾਨੂੰਨੀ ਪਿਤਾ ਹੀ ਤਰਖਾਣ ਸੀ, ਬਲਕਿ ਉਸ ਨੇ ਆਪ ਵੀ ਇਹ ਕਿੱਤਾ ਸਿੱਖਿਆ ਸੀ। [12]ਕਫ਼ਰਨਾਹੂਮ ਨਾਸਰਤ ਦੇ ਉੱਤਰ ਪੂਰਬ ਵਿਚ ਹੈ। ''ਯਿਸੂ ਦੀ ਸੇਵਕਾਈ ਦੌਰਾਨ ਫ਼ਲਿਸਤੀਨ'' ਵਾਲਾ ਨਕਸ਼ਾ ਵੇਖੋ। [13]ਆਪਣੀ ਇਕਸੁਰਤਾ ਵਿਚ ਅਸੀਂ ਲੂਕਾ 7 ਅਤੇ 8 ਅਧਿਆਇ ਦੇ ਬਾਅਦ ਲੂਕਾ 4 ਅਧਿਆਇ ਦੀ ਘਟਨਾ ਪਾ ਰਹੇ ਹਨ। [14]ਯਿਸੂ ਦੀਆਂ ਉਦਾਹਰਣਾਂ ਨਾਲ ਪਰਾਈਆਂ ਕੌਮਾਂ ਲਈ ਖ਼ੁਦਾ ਦੀ ਚਿੰਤਾ ਦਾ ਪਤਾ ਲਗਦਾ ਹੈ। ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਮਸੀਹ ਸਿਰਫ਼ ਯਹੂਦੀਆਂ ਲਈ ਹੀ ਨਹੀਂ ਬਲਕਿ ਪਰਾਈ ਕੌਮਾਂ ਲਈ ਵੀ ਆਇਆ। [15]ਇਸ ਨੂੰ ਇਸਤੀਫ਼ਾਨ ਦੇ ਭਾਸ਼ਣ ਤੇ ਮਹਾਂ ਸਭਾ ਦੀ ਪ੍ਰਤੀਕਿਰਿਆ ਨਾਲ ਮਿਲਾਓ (ਰਸੂਲਾਂ ਦੇ ਕੰਮ 7:54, 57–59)। [16]ਜੇ ਉਸ ਨੇ ਕੋਈ ਮੋਅਜਜ਼ਾ ਕੀਤਾ ਸਨ, ਤਾਂ ਉਨ੍ਹਾਂ ਨੂੰ ਉਹ ਤਾਂ ਮਿਲਿਆ, ਜਿਸ ਦੀ ਉਨ੍ਹਾਂ ਨੇ

ਬੇਨਤੀ ਕੀਤੀ ਸੀ, ਪਰ ਉਹ ਨਹੀਂ ਜੋ ਉਹ ਚਾਹੁੰਦਾ ਸੀ। [17]ਉਨ੍ਹਾਂ ਨੇ ਉਸ ਨੂੰ ਠੁਕਰਾ ਦਿੱਤਾ ਸੀ; ਹੁਣ ਉਸ ਨੇ ਉਨ੍ਹਾਂ ਨੂੰ ਠੁਕਰਾ ਦਿੱਤਾ। [18]ਮੇਰੀ ਸਲਾਹ ਨਾਲ ਬਾਈਬਲ ਦੀ ਇਸ ਆਇਤ ਦਾ ਅਰਥ ਘਟ ਨਹੀਂ ਹੋ ਜਾਂਦਾ। ਇਸ ਆਇਤ ਤੇ ਵਿਚਾਰ ਕਰਨ ਲਈ ਇਹ ਸੋਚਦੇ ਹੋਏ ਕਿ ਯਿਸੂ ਨੇ ਠੁਕਰਾਏ ਜਾਣ ਨਾਲ ਕਿਵੇਂ ਨਜਿੱਠਿਆ, ਸਮਾਂ ਦੱਸੇਗਾ। ਤੁਹਾਨੂੰ ਹੋਰ ਵਿਚਾਰ ਮਿਲ ਸਕਦਾ ਹੈ। [19]ਆਮ ਤੌਰ ਤੇ, ਅਸੀਂ ਯਿਸੂ ਦੀ ਜ਼ਿੰਦਗੀ ਦੇ ਸ਼ੁਰੂ ਵਿਚ ਲੂਕਾ 4:31 ਦੀ ਕਹਾਣੀ ਸ਼ਾਮਿਲ ਕੀਤੀ ਹੈ, ਪਰ ਜੋ ਗੱਲ ਮੈਂ ਕਰਨਾ ਚਾਹੁੰਦਾ ਹਾਂ, ਉਹ ਅੱਜ ਵੀ ਆਮ ਹੈ। [20]ਬਪਤਿਸਮੇ ਵੇਲੇ ਆਤਮਾ ਦੇ ਸਾਡੇ ਪਾਉਣ ਅਤੇ ਯਿਸੂ ਦੇ ਬਪਤਿਸਮੇ ਵੇਲੇ ਉਸ ਵੱਲੋਂ ਆਤਮਾ ਦੇ ਪਾਉਣ ਵਿਚ ਇਕ ਖ਼ਾਸ ਫ਼ਰਕ ਸੀ। ਉਸ ਨੂੰ ਦਿੱਤਾ ਜਾਣ ਵਾਲਾ ਦਾਨ ਉਸ ਦੇ ਮੋਅਜਜ਼ਾ ਕਰਨ ਨਾਲ ਸਬੰਧ ਸੀ, ਜਦ ਕਿ ਸਾਨੂੰ ਮਿਲਣ ਵਾਲੇ ਦਾਨ ਵਿਚ ਅਜਿਹੀ ਕੋਈ ਗੱਲ ਨਹੀਂ। ਦੋਵੇਂ ਘਟਨਾਵਾਂ ਵਿਚ ਕੁਝ ਦਿਲਚਸਪ ਸਮਾਨਤਾਵਾਂ ਹਨ।